# ਇਕੱਲਾ ਯਿਸੂ ਮਸੀਹ ਹੀ ਮਨੁੱਖ-ਜਾਤੀ ਦਾ ਮੁਕਤੀਦਾਤਾ ਹੈ

True Path to God

6

ਲੇਖਕ ਡਾੱ. ਕੁਲਦੀਪ ਸਿੰਘ ਗੈਂਗਰ

# ਇਕੱਲਾ ਯਿਸੂ ਮਸੀਹ ਹੀ ਮਨੁੱਖ-ਜਾਤੀ ਦਾ ਮੁਕਤੀਦਾਤਾ ਹੈ

ਲੇਖਕ

ਡਾੱ. ਕੁਲਦੀਪ ਸਿੱਘ ਗੈਂਗਰ

**Punjabi**

*Jesus the Only Savior of Mankind*
Copyright © 2013

Published by True Path to God | www.truepathtogod.org

***True Path to God*** is a ministry reaching out to our neighbours of East Asian background. For more information, see “About Us” on our website.

All scripture quotations are from The Holy Bible—Punjabi – CL published by The Bible Society of India,, 206 Mahatma Gandhi Road, Bangalore – 560 001 – India.

This booklet, as with all in this series, was written in English and translations into Punjabi by a team of translators. It is also being made available in Punjabi, Hindi, Marathi, Nepali, and Urdu.

**Library and Archives Canada Cataloguing in Publications**
Gangar, Dr. Kuldip Singh 1950-
Includes bibliographical references
ISBN 978-0-9919134-5-9
1. Jesus Christ—Savior.
2. Jesus Christ—Resurrection.
3. Salvation.
4. Atonement. I. Title.

# ਵਿਸ਼ਾ ਵਸਤੂ


ਜਾਣ-ਪਹਿਚਾਣ |07

1 ਇਕੋ ਹੀ ਪਰਮੇਸ਼ਰ ਹੈ ਜਿਹੜਾ ਪਵਿੱਤਰ ਅਤੇ ਧਰਮੀ ਹੈ |09

2 ਮਨੁੱਖ ਚੰਗਾ ਬਣਾਇਆ ਗਿਆ ਸੀ ਪਰ ਹੁਣ ਪਾਪੀ ਹੈ |13

3 ਕੇਵਲ ਯਿਸੂ ਹੀ ਪਾਪਿਆਂ ਦਾ ਮੁਕਤੀਦਾਤਾ ਹੋਣ ਲਈ ਯੋਗ ਹੈ|17

4 ਯਿਸੂ ਨਬੀ ਤੋਂ ਵਿ ਵੱਡਾ ਹੈ|21

5 ਯਿਸੂ ਉੱਤਮ ਅਤੇ ਆਖਿਰੀ ਮਹਾ ਪੁਰੋਹਿਤ ਦੇ ਰੂਪ ਵਿਚ |25

6 ਯਿਸੂ ਰਾਜਾ ਅਤੇ ਪ੍ਰਭੂ ਦੇ ਵਰਗਾ|29

7 ਯਿਸੂ ਸਾਰੀ ਮਾਨੁੱਖਜਾਤੀ ਦਾ ਮੁਕਤੀਦਾਤਾ|31

8 ਯਿਸੂ ਮਸੀਹ ਪੁਛੜੀ-ਜਾਤੀ ਦਾ ਵੀ ਮੁਕਤੀਦਾਤਾ ਹੈ|33

9 ਯਿਸੂ ਬੱਚਿਆਂ ਅਤੇ ਔਰਤਾਂ ਦਾ ਮੁਕਤੀਦਾਤਾ|37

10 ਯਿਸੂ ਮਜਦੂਰੀ ਮੇਹਣਤ ਕਰਨ ਵਾਲੇ ਲੋਕਾਂ ਦਾ ਵੀ ਮੁਕਤੀਦਾਤਾ ਹੈ|41

11 ਯਿਸੂ ਪੁਨਰ ਜੀਵਿਤ ਮੁਕਤੀਦਾਤਾ |43

12 ਕੈਵੇਂ ਯਿਸੂ ਮੇਰਾ ਮੁਕਤੀਦਾਤਾ ਬਣ ਸਕਦਾ ਹੈ? |47

13 ਯਿਸੂ ਮੁਕਤੀਦਾਤਾ ਸਾਰੀ ਮਨੁੱਖਜਾਤੀ ਦਾ ਨਿਆ ਕਰੂਗਾ|51

ਸਿੱਟਾ: |55

# ਜਾਣ-ਪਹਿਚਾਣ

ਇੰਗਲੈਂਡ ਤੋਂ ਆਪਣੀ ਯੂਨੀਵਰਸਿਟੀ ਦੀ ਪੜਾਈ ਖਤਮ ਕਰਨ ਦੇ ਪਿੱਛੋਂ ਮੈਨੂੰ ਲੋਕਾਂ ਨੂੰ ਪੜਾਉਣ ਦਾ ਪ੍ਰਮਾਣ ਪੱਤਰ ਮਿਲਿਆ। ਮੈਂ ਧਰਮ ਦੀ ਤੁਲਨਾਤਮਕ ਪੜ੍ਹਾਈ ਕਰਵਾਉਂਦਾ ਸੀ। ਇਹ ਮੇਰੇ ਲਈ ਬੜਾ ਔਖਾ ਸੀ ਕੀ ਮੈਂ ਯਿਸੂ ਮਸੀਹ ਨੂੰ ਦੂਜੇ ਧਰਮਾ ਦੇ ਸਿਖਿਆ ਦੇਣ ਵਾਲੇ ਗੁਰੂਆਂ ਦੇ ਨਾਲ ਤੁਲਨਾ ਕਰਾਂ। ਯਿਸੂ ਮਸੀਹ ਪਰਮੇਸ਼ਰ-ਮਨੁੱਖ ਸੀ ਜਦੋਂ ਕੀ ਹੋਰ ਦੂਜੇ ਸੰਤ ਕੇਵਲ ਮਨੁੱਖ ਸੀ। ਮੈ ਹਮੇਸ਼ਾ ਸਿਖਿਆ ਦੇਣ ਦੀ ਬਜਾਏ ਉਹਨਾ ਨੂੰ ਪਰਚਾਰ ਕਰਨ ਲੱਗ ਜਾਂਦਾ ਸੀ। ਇਹ ਕੋਈ ਜਿਆਦਾ ਦਿਨਾਂ ਦੀ ਗੱਲ ਨਹੀਂ ਹੈ ਜਦੋਂ ਮੈ ਸਿਖਿਆ ਦੇਣ ਦੇ ਕੰਮ ਨੂੰ ਛੱਡ ਕੇ ਮਸੀਹੀ ਧਰਮ ਦੀ ਸਿਖਿਆ ਲੈਣ ਦੇ ਲਈ (ਥਿਔਲੋਜੀ ਸਕੂਲ) ਅਮਰੀਕਾ ਚਲਾ ਗਿਆ, ਕੀ ਪੜ੍ਹਾਈ ਦੇ ਬਾਦ ਮੈਂ ਯਿਸੂ ਮਸੀਹ ਦੀ ਸੇਵਾ ਕਰ ਸਕਾਂ। ਸਾਰੇ ਧਰਮ ਪਰਮੇਸ਼ਰ ਦੇ ਬਾਰੇ ਗੱਲਾ ਦਸਦੇ ਹਨ ਪਰ ਕੋਈ ਵੀ ਉਸਨੂੰ ਪ੍ਰਗਟ ਨਹੀਂ ਕਰਦਾ ਜਿਵੇਂ ਕੀ ਯਿਸੂ ਮਸੀਹ ਨੇ ਕੀਤਾ। ਯਿਸੂ ਮਸੀਹ ਪਰਮੇਸ਼ਰ ਹੈ, ਜਿਸਨੇ ਸਾਡਾ ਸੁਭਾਉ ਸਮਝਿਆ।

ਸਾਧੂ ਸੁੰਦਰ ਸਿੰਘ ਇੱਕ ਸਿੱਖ ਸੀ। ਉਸਦਾ ਜਨਮ 1889 ਵਿਚ ਹੋਇਆ ਸੀ। ਜਦੋਂ ਉਹ 15 ਸਾਲ ਦਾ ਸੀ ਉਸਨੇ ਮਸੀਹਤ ਨੂੰ ਆਪਣਾ ਲਿਆ ਸੀ । ਇੱਕ ਵਾਰ ਉਹ ਹਿੰਦੂ ਕਾਲਜ ਵਿਚ ਗਿਆ ਤੇ ਉਥੇ ਇੱਕ ਹਿੰਦੂ ਲੇਕਚਰਾਰ ਨੇ ਉਸਨੂੰ ਪੁਛਿਆ ਕਿ ਤੁਹਾਨੂੰ ਮਸੀਹ ਧਰਮ ਵਿਚ ਅਜਿਹਾ ਕੀ ਮਿਲਿਆ ਹੈ ਜੋ ਤੁਹਾਨੂੰ ਤੁਹਾਡੇ ਪੁਰਾਣੇ ਧਰਮ ਵਿਚ ਨਹੀਂ ਮਿਲਿਆ ਸੀ।

ਉਸਨੇ ਉੱਤਰ ਦਿੱਤਾ, “ਮੇਰੇ ਕੋਲ ਮਸੀਹ ਹੈ”।

“ਹਾਂ, ਮੈਨੂੰ ਪਤਾ ਹੈ”, ਲੇਕਚਰਾਰ ਨੇ ਛੇਤੀ ਨਾਲ ਫਿਰ ਪੁੱਛਿਆ, ਪਰ ਅਜਿਹਾ ਕਿਹੜਾ ਖਾਸ ਸਿਧਾਂਤ ਯਾ ਸਿਖਿਆ ਤੁਹਾਨੂੰ ਉਥੋਂ ਮਿਲੀ ਜੋ ਤੁਹਾਨੂੰ ਪਹਿਲਾਂ ਨਹੀਂ ਮਿਲੀ ਸੀ?

“ਸਾਧੂ ਸੁੰਦਰ ਸਿਘੰ ਨੇ ਕਿਹਾ ਜੋ ਖਾਸ ਚੀਜ਼ ਮੈਨੂੰ ਮਿਲੀ ਹੈ, ਉਹ ਹੈ “ਮਸੀਹ”।1

ਯਿਸੂ ਮਸੀਹ ਕੋਈ ਮਰਿਆ ਨਬੀ ਯਾ ਗੁਰੁ ਨਹੀਂ ਹੈ ਜੋ ਕਦੀ ਹੋਇਆ ਸੀ। ਉਹ ਦੇਹਧਾਰੀ ਪਰਮੇਸ਼ਰ ਹੈ ਜੋ ਮਨੁੱਖਾਂ ਨੂੰ ਗੁਆਚੀ ਹੋਈ ਹਾਲਤ ਤੋਂ ਛੁੜਾਉਣ ਦੇ ਲਈ ਆਇਆ ਸੀ। ਉਹ ਹੀ ਕੇਵਲ ਮਨੁੱਖਾਂ ਨੂੰ ਛੁੜਾ ਸਕਦਾ ਹੈ ਕਊਂਕਿ ਉਹ ਹੀ ਇਸ ਕੰਮ ਨੂੰ ਕਰਨ ਦੇ ਲਈ ਉਚਿਤ ਸੀ। ਇਸ ਕਿਤਾਬ ਵਿਚ ਅਸੀ ਤੁਹਾਨੂੰ ਦੱਸਣਾ ਚਾਹੁੰਦੇ ਹਾਂ ਕਿ ਸਾਰੀ ਮਨੁੱਖ ਜਾਤੀ ਦੀ ਮੁਕਤੀ ਸਿਰਫ਼ ਯਿਸੂ ਮਸੀਹ ਦੁਆਰਾ ਹੀ ਕਿਉਂ ਹੈ। ਇਸ ਤੋਂ ਪਹਿਲਾਂ ਕਿ ਅਸੀਂ ਉਸ ਇਲਾਜ ਦਾ ਧਨੰਵਾਦ ਕਰੀਏ, ਸਾਨੂੰ ਇਸ ਗੱਲ ਨੂੰ ਜਾਣਨ ਦੀ ਲੋੜ ਹੈ ਕਿ ਮਨੁੱਖ ਦੀ ਸਭ ਤੋਂ ਵੱਡੀ ਸਮਾਸਿਆ ਕੀ ਹੈ? ਸਾਰੇ ਧਰਮ ਮਨੁੱਖਜਾਤੀ ਦੇ ਪਾਪ ਦੇ ਛੁਟਕਾਰੇ ਦੀ ਗੱਲ ਨਹੀਂ ਕਰਦੇ ਹਨ। ਫਿਰ ਕਿੱਦਾਂ ਕੋਈ ਏਹ ਮੱਨ ਲੈਂਦਾ ਹੈ ਕਿ ਇੱਕ ਹੀ ਮੁਕਤੀਦਾਤਾ ਹੈ? ਅਸੀ ਤੁਹਾਨੂੰ ਇਸ ਵੱਡੇ ਸਵਾਲ ਦਾ ਉੱਤਰ ਦੇਣ ਦੀ ਕੋਸ਼ਿਸ ਕਰਾਂਗੇ।

# 1

# ਇਕੋ ਹੀ ਪਰਮੇਸ਼ਰ ਹੈ ਜਿਹੜਾ ਪਵਿੱਤਰ ਅਤੇ ਧਰਮੀ ਹੈ

ਇਕ ਹੀ ਸੂਰਜ ਹੈ। ਜੇਹੜਾ ਸਾਰੀ ਧਰਤੀ ਨੂੰ ਅਪਣੀ ਜੋਤ ਚਮਕਾਦਾਂ ਹੈ। ਇਕ ਹੀ ਚੰਦ ਹੈ ਜਿਹੜਾ ਸੂਰਜ ਦੀ ਜ਼ੋਤ ਧਰਤੀ ਤੋਂ ਚਮਕਾਉਂਦਾਂ ਹੈ। ਇਕੋ ਹੀ ਪਰਮੇਸ਼ਰ ਹੈ, ਜਿਸ ਨੇ ਸਾਰੀ ਦੁਨਿਆ ਦੀ ਰਚਨਾ ਕੀਤੀ। ਇਸ ਪਰਮੇਸ਼ਰ ਨੇ ਸਾਨੂੰ ਓਸਦੇ ਬਾਰੇ ਅੰਦਾਜ਼ਾ ਲਾਉਂਨ ਲਈ ਨਹੀਂ ਛਡ ਦਿੱਤਾ ਬਲਕਿ ਉਸਨੇ ਆਪਣੇ ਆਪ ਨੂੰ ਪਵਿੱਤਰ ਬਾਇਬਲ ਵਿਚ ਪ੍ਰਗਟ ਕੀਤਾ ਹੈ। ਪੈਨਂਥੀਇਜ਼ਮ (ਸਰਬ ਈਸ਼੍ਵਰਵਾਦ), ਜੋ ਸਿਖਾਉਂਦੇ ਹਾ ਕੀ ਸਾਰਾ ਸੰਸਾਰ ਪਰਮੇਸ਼ਰ ਹੈ ਜੇਕਰ ਇਹ ਹੈ ਤਾ ਫਿਰ ਪਰਮੇਸ਼ਰ ਦੇ ਨਾਲ ਰਿਸ਼ਤਾ ਰਖਣ ਦੇ ਲਈ ਕੋਈ ਜਗ੍ਹ ਨਹੀਂ ਅਤੇ ਬੁਰਾਈ ਤੇ ਅਛਾਈ ਵਿਚ ਕੋਈ ਅੰਤਰ ਨਹੀਂ ਰਹ ਜਾਂਦਾ ਹੈ, ਜੇ ਸਭ ਕੁਝ ਪਰਮੇਸ਼ਰ ਹੈ। ਏਥੀਇਜ਼ਮ (ਨਾਸਤਿਕਤਾ), ਜੇਹੜਾ ਸਿਖਾਉਂਦਾ ਹੈ ਕਿ ਪਰਮੇਸ਼ਰ ਦਾ ਵਜ਼ੂਦ ਹੀ ਨਹੀਂ ਹੈ, ਸਾਡੇ ਕੋਲ ਇਸਦਾ ਕੋਈ ਜਵਾਬ ਨਹੀਂ ਹੈ ਕਿ ਕਿਉਂ ਅਛਾਈ ਤੇ ਬੁਰਾਈ ਦਾ ਸਰਵਵਿਆਪਕ ਗਿਆਨ ਲੋਕਾਂ ਦੇ ਕੋਲ ਹੈ। ਬਾਇਬਲ ਵਿਚ ਪੁਰਾਨੇ ਤੇ ਨਵਾਂ ਨਿੰਮ ਦਸਦੇ ਹਾਂ ਕੀ ਇਕੋ ਹੀ ਪਰਮੇਸ਼ਰ ਹੈ, ਜਿਸਨੇ ਸਾਰੇ ਸੰਸਾਰ ਦੀ ਰਚਨਾ ਕੀਤੀ ਅਤੇ ਜਿਹੜਾ ਪਵਿੱਤਰ ਤੇ ਧਰਮੀ ਪਰਮੇਸ਼ਰ ਹੈ। ਥਲ੍ਹੇ ਦਿੱਤੀ ਬਾਇਬਲ ਦੀ ਆਯਤਾਂ ਤੇ ਧਿਆਣ ਦੇਵੋ ਜੇੜੇ ਇਸ ਸੱਚਿਆਇਆਂ ਨੂੰ ਦਸਦੇ ਹਨ:

**ਉਤਪਤ ੧:੧** "ਆਦ ਵਿਚ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ"

**ਵਿਵਸਥਾਸਾਰ ੬:੪** "ਇਸਰਾਈਲ ਕੌਮ ਇਹ ਗੱਲ ਧਿਆਨ ਨਾਲ ਸੁਣ: ਪ੍ਰਭੂ ਸਾਡਾ ਪਰਮੇਸ਼ਰ ਕੇਵਲ ਕਿਏ ਹੀ ਪ੍ਰਭੂ ਹੈ"

**ਲੇਵੀਆਂ ੧੧:੪੪** "ਮੈਂ ਤੁਹਾਡਾ ਪ੍ਰਭੂ, ਪਵਿੱਤਰ ਹਾਂ, ਇਸ ਲਈ ਤੁਸੀਂ ਵੀ ਪਵਿੱਤਰ ਬਣੋਂ ਅਤੇ ਇਹਨਾਂ ਚੀਜ਼ਾਂ ਵਿਚੋਂ ਕਿਸੇ ਨੂੰ ਖਾ ਕੇ ਆਪਣੇ ਆਪ ਨੂੰ ਅਪਵਿੱਤਰ ਨਾ ਕਰਨਾ।"

**ਯਸਾਯਾਹ ੪੦:੨੫** "ਸੋ ਪਵਿੱਤਰ ਪਰਮੇਸ਼ਰ ਦਾ ਟਾਕਰਾ ਕਿਸ ਨਾਲ ਹੋ ਸਕਦਾ ਹੈ? ਕਿ ਕੋਈ ਇਹੋ ਜਿਹੀ ਚੀਜ਼ ਹੈ ਜਿਸ ਵਰਗਾ ਉਸ ਨੂੰ ਦੱਸਿਆ ਜਾਵੇ?"

**੧ਪਤਰਸ ੧:੧੫-੧੬** "ਤੁਹਾਡੇ ਸੱਦਣ ਵਾਲਾ ਪਰਮੇਸ਼ਰ ਪਵਿੱਤਰ ਹੈ, ਇਸ ਲਈ ਤੁਸੀਂ ਵੀ ਆਪਣੇ ਜੀਵਨ ਦੇ ਹਰ ਹਿੱਸੇ ਵਿਚ ਪਵਿੱਤਰ ਬਣੋ। ਧਰਮ ਗ੍ਰੰਥ ਵਿਚ ਵੀ ਕਿਹਾ ਗਿਆ ਹੈ: "ਤਸੀਂ ਪਵਿੱਤਰ ਬਣੋ ਕਿਉਂਕਿ ਮੈਂ ਪਵਿੱਤਰ ਹਾਂ।"

**ਭਜਨ ੭:੯** "ਹੇ ਸਚੇ ਪਰਮੇਸ਼ਰ ਤੂੰ ਦਿਲਾਂ ਤੇ ਗੁਰਦਿਆਂ ਦੇ ਜਾਣਨ ਵਾਲਾ ਹੈਂ, ਤੂੰ ਦੁਸ਼ਟਾਂ ਦੀ ਦੁਸ਼ਟਤਾ ਨੂੰ ਖ਼ਤਮ ਹੋਣ ਦੇਹ, ਪਰ ਤੂੰ ਸੱਚੇ ਨੂੰ ਦ੍ਰਿੜ ਕਰ।"

**ਯਿਰਮਿਯਾਹ ੧੨:੧** "ਪ੍ਰਭੂ ਜੇਕਰ ਮੈਂ ਆਪਣੇ ਬਾਰੇ ਤੇਰੇ ਨਾਲ ਬਹਿਸ ਕਰਾਂਗਾ, ਤਾਂ ਅੰਤ ਤੂੰ ਹੀ ਸੱਚਾ ਸਿੱਧ ਹੋਵੇਗਾ। ਪਰ ਫਿਰ ਵੀ ਮੈਂ ਤੇਰੇ ਤੋਂ ਨਿਆਂ ਬਾਰੇ ਕੁਝ ਪ੍ਰਸ਼ਨ ਪੁੱਛਣ ਚਾਹੁੰਦਾ ਹਾਂ? ਦੁਸ਼ਟ ਮਨੁੱਖ ਕਿਉਂ ਵੱਧਦਾ-ਫੁਲਦਾ ਹੈ? ਬੇਈਮਾਨ ਮਨੁੱਖ ਕਿਉਂ ਸਫਲ ਹੁੰਦਾ ਹੈ?"

**ਭਜਨ ੧੧:੭** "ਪ੍ਰਭੂ ਭਲਾ ਹੈ, ਉਹ ਭਲਿਆ ਦੇ ਕੰਮ ਪਸੰਦ ਕਰਦਾ ਹੈ, ਭਲੇ ਲੋਕ ਪ੍ਰਭੂ ਦਾ ਦਰਸ਼ਨ ਕਰਨਗੇ।"

ਅਸੀਂ ਪਹਲਾਂ ਵੀ ਇਸ ਸਚੱਾਈ ਨੂੰ ਪਿਛਲੀ ਪੁਸਤਕ "ਪਰਮੇਸ਼ਰ ਕੀ ਹੈ?" ਤੇ "ਪਰਮੇਸ਼ਰ ਕਿਹ ਦੇ ਵਰਗਾ ਹੈ?" ਵਿਚ ਸਿੱਖ ਚੁਕੇ ਹਾਂ।

ਤੁਸੀਂ ਫਿਰ ਮੁੜ ਕਰ ਉਹਾਨੂੰ "ਵਚਨਾਂ ਦੇ ਪਰਮੇਸ਼ਰ" ਦੇਖਣ ਦੇ ਲਈ ਪੜ ਸਕਦੇ ਹੋ। ਸਚਿਆਈ ਏਹ ਹੈ ਕਿ ਏਕੋ ਹੀ ਪਰਮੇਸ਼ਰ ਹੈ ਜਿਹੜਾ ਪਵਿੱਤਰ ਅਤੇ ਧਰਮੀ ਹੈ। ਇਹ ਦਾ ਮਤਲਬ ਉਹ ਹੀ ਕੇਵਲ ਸਾਡੀ ਸਮੱਸਿਆ ਦਾ ਹਲ ਕਰ ਸਕਦਾ ਹੈ। ਦੂਜੇ ਧਰਮਾਂ ਵਿਚ ਸਿਖਿਆਉਣ ਵਾਲੇ ਹਨ ਜਿਹੜੇ ਪਰਮੇਸ਼ਰ ਦੇ ਬਾਰੇ ਦਸਦੇ ਹਨ ਤੇ ਉਸਦੇ ਬਾਰੇ ਆਪਣਾ ਵਿਚਾਰ ਵਿ ਦੇਂਦੇ ਹਨ ਪਰ ਉਹ ਲੋਕ ਕਦੀ ਵੀ ਪਰਮੇਸ਼ਰ ਦੇ ਨਾਲ ਸਾਡਾ ਰਿਸ਼ਤਾ ਨਹੀ ਕਰਾ ਸਕਦੇ ਹਨ। ਕੇਵਲ ਮਸੀਹੀ ਧਰਮ ਵਿਚ ਹੀ ਪਰਮੇਸ਼ਰ ਸਾਡਾ ਸੁਭਾਵ ਅਸਥਾਈ ਰੂਪ ਤੋਂ ਵਿਅਕਤੀ ਮਸੀਹ ਯਿਸੂ ਵਿਚ ਦੇਖਦਾ ਹੈ। ਇਸੇ ਕਰਕੇ ਫਿਲਿਪ ਨੂੰ ਕਹੇ ਯਿਸੂ ਦੇ ਵਚਨ ਸਮਝ ਲਗਦੇ ਹਨ:

**ਯੂਹਨਾਂ ੧੪:੬-੧੦** "ਯਿਸੂ ਨੇ ਉਸ ਨੂੰ ਉੱਤਰ ਦਿੱਤਾ, ਮੈਂ ਹੀ ਰਾਹ ਹਾਂ, ਮੈਂ ਹੀ ਸਤ, ਮੈਂ ਹੀ ਜੀਵਣ ਹਾਂ। ਮੇਰੇ ਤੋਂ ਬਿਨਾਂ ਕੋਈ ਵੀ ਪੀਤਾ ਦੇ ਕੋਲ ਪਹੁੰਚ ਨਹੀਂ ਸਕਦਾ। 7 ਜੇਕਰ ਤੁਸੀਂ ਮੈਨੂੰ ਜਾਣਦੇ ਹੋ ਤਾਂ ਮੇਰੇ ਪਿਤਾ ਨੂੰ ਵੀ ਜਾਣਦੇ ਹੋ। ਹੁਣ ਤੁਸੀਂ ਉਸ ਨੂੰ ਜਾਣਦੇ ਹੋ ਅਤੇ ਉਸ ਦਾ ਦਰਸ਼ਨ ਵੀ ਕਰ ਚੁਕੇ ਹੋ। 8 ਫਿਲਿਪੁਸ ਨੇ ਉਹਨਾਂ ਨੂੰ ਕਿਹਾ, "ਪ੍ਰਭੂ ਜੀ, ਸਾਨੂੰ ਪਿਤਾ ਦੇ ਦਰਸ਼ਨ ਕਰਵਾ ਦਿਓ। ਸਾਡੇ ਲਈ ਇਹ ਹੀ ਬਹੁਤ ਹੈ।" 9 ਯਿਸੂ ਨੇ ਉਸ ਨੂੰ ਕਿਹਾ, "ਫਿਲਿਪੁਸ ਮੈਂ ਤੁਹਾਡੇ ਨਾਲ ਇੰਨੇ ਸਮੇਂ ਤੋਂ ਹਾਂ, ਫਿਰ ਵੀ ਤੁਸੀਂ ਮੈਨੂੰ ਨਹੀਂ ਜਾਣਿਆ? 10 ਕੀ ਤੁਸੀਂ ਵਿਸ਼ਵਾਸ ਨਹੀਂ ਕਰਦੇ ਕਿ ਮੈਂ ਪਿਤਾ ਵਿਚ ਹਾਂ ਅਤੇ ਪਿਤਾ ਮੇਰੇ ਵਿਚ ਹੈ। ਇਹ ਵਚਨ ਜਿਹੜੇ ਮੈਂ ਤੁਹਾਨੂੰ ਕਹੇ ਹਨ। ਪਿਤਾ ਹੀ ਮੇਰੇ ਵਿਚ ਰਹਿ ਕੇ ਆਪਣੇ ਕੰਮ ਕਰਦਾ ਹੈ"। ਅਸੀਂ ਇਸ ਸੰਸਾਰ ਵਿਚ ਬੁਰਾ ਹੀ ਬੁਰਾ ਦੇਖਦੇ ਹਾ। ਜੇਕਰ ਕੇਵਲ ਪਰਮੇਸ਼ਰ ਸੰਸਾਰ ਦਾ ਬਣਾਉਣ ਵਾਲਾ ਅਤੇ ਪਵਿੱਤਰ ਤੇ ਧਰਮੀ ਹੈ, ਤਾਂ ਫਿਰ ਅਸੀਂ ਕਿਸ ਤਰ੍ਹਾਂ ਇਸ ਸੰਸਾਰ ਦੀ ਹਾਲਤ ਦਾ ਕਾਰਣ ਦੱਸਾਂਗੇਂ ਜਿਸ ਵਿਚ ਮਨੁੱਖ ਜਾਤੀ ਰਹਿੰਦੀ ਹੈ? ਇਸ ਦਾ ਉੱਤਰ ਇਕੋ ਹੀ ਹੈ ਕਿ ਮਨੁੱਖ ਉਹ ਮਨੁੱਖ ਨਹੀਂ ਜਿਹੜਾ ਪਰਮੇਸ਼ਰ ਨੇ ਸ਼ੁਰੂ ਵਿਚ ਬਣਾਇਆ ਸੀ ਪਰ ਅੱਜ ਦਾ ਮੱਨੁਖ ਪਾਪ ਦਾ ਨਤੀਜਾ ਹੈ।

# 2

# ਮਨੁੱਖ ਚੰਗਾ ਬਣਾਇਆ ਗਿਆ ਸੀ ਪਰ ਹੁਣ ਪਾਪੀ ਹੈ

ਅਸੀਂ ਪਿਛਲੀਂ ਕਿਤਾਬ ਵਿਚ ਇਹ ਸਿਖਿਆ ਸੀ ਕੀ ਕਿਵੇਂ ਪਰਮੇਸ਼ਰ ਨੇ ਮੱਨੁਖ ਨੂੰ ਆਪਣੀ ਪਛਾਣ ਵਿਚ ਬਣਾਇਆ ਸੀ। ਮੱਨੁਖ ਜਾਤੀ ਦਾ ਕੰਮ ਸੀ ਕਿ ਪਰਮੇਸ਼ਰ ਨੂੰ ਗਿਆਨ, ਪਵਿੱਤਰਤਾ, ਅਤੇ ਧਾਰਮਿਕਤਾ ਵਿਚ ਪ੍ਰਗਟ ਕਰੇ। ਮੱਨੁਖ ਨੂੰ ਬਣਾਇਆ ਗਿਆ ਸੀ ਕੀ ਉਹ ਪਰਮੇਸ਼ਰ ਦੀ ਸੰਗਤ ਨਾਲ ਜੀਉਂਦਾ ਰਹੇ ਅਤੇ ਉਸਦੀ ਸੇਵਾ ਆਪਣੇ ਸਾਰੇ ਦਿਲ ਨਾਲ ਕਰੇ। ਮਨੁੱਖ ਉਸ ਦੀ ਅਵੱਗਿਆਕਾਰੀ ਵਿਚ ਡਿਗ ਪਿਆ ("ਦਾ ਗ੍ਰੇਟਿਸਟ ਕੇਟਾਸਟਰੋਫ" ਦੀ ਕਿਤਾਬ ਦੇਖੋ)। ਹੁਣ ਉਹ ਪਰਮੇਸ਼ਰ ਦੇ ਕ੍ਰੋਧ ਵਿਚ ਹੈ।ਵਿਕਾਸ਼ਵਾਦ ਮਣਦਾ ਹੈ ਕਿ ਮਨੁੱਖ ਦਾ ਵਿਕਾਸ਼ ਹੁੰਦਾ ਪਿਆ ਹੈ ਜਿਸ ਲਈ ਇਕ ਦਿੰਨ ਉਹ ਸੰਪੂਰਨ ਹੋ ਜਾਉਗਾ, ਪਰ ਬਾਇਬਲ ਸਿਖਾਉਂਦੀ ਹੈ ਕਿ ਉਹ ਸੰਪੂਰਨਤਾ ਤੋਂ ਜਿਸ ਵਿਚ ਉਹ ਬਣਾਇਆ ਗਿਆ ਸੀ ਪਾਪ ਵਿਚ ਡਿਗ ਪਿਆ ਹੈ।

ਪਰਮੇਸ਼ਰ ਨੇ ਪਹਿਲੇ ਮਨੁੱਖ ਆਦਮ ਨੂੰ ਬਣਾਇਆ ਅਤੇ ਉਸਨੂੰ ਅਦਨ ਦੇ ਬਾਗ ਵਿਚ ਰਖਿਆ ਸੀ। ਪਰਮੇਸ਼ਰ ਨੇ ਉਸ ਨੂੰ ਆਗਿਆ ਦਿੱਤੀ ਸੀ ਕਿ ਤੂੰ ਸਾਰੇ ਰੁੱਖ ਦਾ ਫਲ ਖਾ ਸਕਦਾ ਹੈ, ਸਿਵਾਏ ਇਕ ਦੇ। ਇਹ ਆਦਮ ਦੇ ਲਈ ਇਕ ਪਰਤਾਵਾ ਸੀ ਕਿ ਭਲਾ ਉਹੋ ਪਰਮੇਸ਼ਰ ਦੀ ਹੁਕਮ ਨੂੰ ਮਨੇਗਾ ਕਿਉਂਕਿ ਪਰਮੇਸ਼ਰ ਨੇ ਇਸ ਦੀ ਆਗਿਆ ਦਿਤੀ ਸੀ। ਮਨੁੱਖ ਨੇ ਪਰਮੇਸ਼ਰ ਦੀ ਆਗਿਆ ਨਾ ਮੰਨੀ ਜਿਸਦਾ ਨਤੀਜਾ ਸਰੀਰਕ, ਆਤਮਿਕ ਅਤੇ ਅਨੰਤ ਕਾਲ ਦੀ ਮੌਤ ਦਾ ਕਾਰਨ ਬਣੀ। ਇਹ ਮੌਤ ਆਦਮ ਦੁਆਰਾ

ਸਾਰੇ ਮਨੁੱਖ ਜਾਤੀ ਵਿਚ ਫੈਲ ਗਈ ਕਿਉਂਕਿ ਉਹ ਸਾਰੀ ਮਨੁੱਖ ਜਾਤੀ ਦੀ ਮਿਸਾਲ ਹੈ।

**ਉਤਪਤ ੨:੧੬-੧੭** "ਪਰਮੇਸ਼ਰ ਨੇ ਉਸ ਨੂੰ ਇਹ ਆਗਿਆ ਦਿੱਤੀ, ਤੂੰ ਬਾਗ ਦੇ ਹਰ ਰੁੱਖ ਦਾ ਫਲ ਖਾ ਸਕਦਾ ਹੈ; 17 ਪਰ ਭਲੇ ਅਤੇ ਬੁਰੇ ਦੀ ਪਛਾਣ ਵਾਲੇ ਰੁੱਖ ਦਾ ਫਲ ਤੂੰ ਨਾ ਖਾਈ; ਕਿਉਂਕਿ ਜਿਸ ਦਿਨ ਤੂੰ ਉਸ ਰੁੱਖ ਦਾ ਫਲ ਖਾਏਗਾ, ਉਸ ਦਿਨ ਜ਼ਰੂਰ ਤੂੰ ਮਰ ਜਾਵੇਗਾ।"

**ਰੋਮ ੫:੧੨** "ਇਹ ਇਸ ਤਰ੍ਹਾਂ ਹੋਇਆ: ਇਕ ਆਦਮੀ ਦੇ ਦੁਆਰਾ ਪਾਪ ਇਸ ਸੰਸਾਰ ਵਿਚ ਆਇਆ ਅਤੇ ਪਾਪ ਦੇ ਦੁਆਰਾ ਮੌਤ ਆਈ। ਇਉਂ ਮੌਤ ਸਾਰੀ ਮਨੁੱਖਜਾਤੀ ਵਿਚ ਫੈਲ ਗਈ, ਕਿਉਂਕਿ ਸਭ ਨੇ ਪਾਪ ਕੀਤਾ।"
**ਯਸਾਯਾਹ ੫੯:੨** "ਪਰ ਇਹ ਤੁਹਾਡੇ ਪਾਪ ਹਨ, ਜਿਨ੍ਹਾਂ ਦੇ ਕਾਰਨ ਉਹ ਉਹ ਤੁਹਾਡੀ ਪੁਕਾਰ ਨਹੀਂ ਸੁਣਦਾ ਅਤੇ ਇਹ ਤੁਹਾਡੇ ਪਾਪ ਹਨ, ਜੋ ਤੁਹਾਨੂੰ ਪਰਮੇਸ਼ਰ ਤੋਂ ਉਸ ਸਮੇਂ ਵੱਖ ਕਰਦੇ ਹਨ।"

**ਰੋਮ ੩:੧੦-੧੮** "ਜਿਸ ਤਰ੍ਹਾਂ ਧਰਮ ਗ੍ਰੰਥ ਵੀ ਕਹਿੰਦਾ ਹੈ: ਕੋਈ ਵੀ ਲੋਕ ਨਹੀਂ ਇਕ ਵੀ ਨਹੀਂ। 11 ਕੋਈ ਵੀ ਸਮਝਦਾਰ ਨਹੀਂ, ਕੋਈ ਵੀ ਪਰਮੇਸ਼ਰ ਦਾ ਖੋਜੀ ਨਹੀਂ। 12 ਸਭ ਦੇ ਸਭ ਭਟਕ ਗਏ ਹਨ, ਕੋਈ ਵੀ ਭਲਾਈ ਨਹੀਂ ਕਰਦਾ, ਇਕ ਵੀ ਨਹੀਂ। 13 ਉਹਨਾਂ ਦਾ ਗਲਾ ਖੁਲ੍ਹੀ ਕਬਰ ਹੈ, ਉਹਨਾਂ ਦੀ ਵਾਣੀ ਵਿਚ ਕਪਟ ਹੈ, ਅਤੇ ਉਹਨਾਂ ਦੇ ਬੁਲ੍ਹਾਂ ਤੇ ਕਾਲੇ ਸੱਪ ਦਾ ਜ਼ਹਿਰ ਹੈ। 14 ਉਹਨਾਂ ਦੇ ਮੂੰਹ ਸਰਾਪ ਅਤੇ ਕੁੜੱਤਣ ਨਾਲ ਭਰੇ ਹਨ। 15 ਉਹਨਾਂ ਦੇ ਪੈਰ ਖੂਨ ਖ਼ਰਾਬੇ ਲਈ ਤੇਜ਼ ਦੌੜਦੇ ਹਨ; 16 ਉਹਨਾਂ ਦੇ ਰਾਹਾਂ ਵਿਚ ਤਬਾਹੀ ਅਤੇ ਕਸ਼ਟ ਹਨ, 17 ਉਹ ਸ਼ਾਂਤੀ ਦੇ ਰਾਹ ਵਿਚ ਤਬਾਹੀ ਅਤੇ ਕਸ਼ਟ ਹਨ, 17 ਉਹ ਸ਼ਾਂਤੀ ਦੇ ਰਾਹ ਤੋਂ ਅਣਜਾਣ ਹਨ, 18 ਉਹਨਾਂ ਦੀਆਂ ਅੱਖਾਂ ਅੱਗੇ ਪਰਮੇਸ਼ਰ ਦਾ ਭੈ ਨਹੀਂ ਹੈ।"

ਪਾਪ ਦੇ ਕਾਰਨ ਹੁਣ ਮਨੁੱਖ ਜਾਤੀ ਪਰਮੇਸ਼ਰ ਦੇ ਕ੍ਰੋਧ ਦੇ ਵਿਚ ਹੈ। ਪਰਮੇਸ਼ਰ ਦੇ ਕਾਨੂਨ ਨੂੰ ਮਾਣਨ ਵਿਚ ਕਮੀ ਹੋਣੀ ਅਤੇ ਕੋਈ ਵੀ ਅਧਰਮਿਕਤਾ ਦਾ ਹੋਣਾ ਪਾਪ ਹੈ। ਬਾਇਬਲ ਸਿਖਾਉਂਦੀ ਹੈ ਕਿ ਮਨੁੱਖ ਜਾਤੀ ਪਰਮੇਸ਼ਰ ਦੇ ਕ੍ਰੋਧ ਦੇ ਵਿਚ ਹੈ ਅਤੇ ਉਹ ਉਸ ਵਿਚ ਨਾਸ਼ ਹੋ ਜਾਉਗੀ ਜੇਕਰ ਕਿ

ਇਕ ਮੁਕਤੀਦਾਤਾ ਪਰਮੇਸ਼ਰ ਦੇ ਨਿਆਂ ਨੂੰ ਸੰਤੁਸ਼ਟ ਅਤੇ ਮਨੁੱਖ ਜਾਤੀ ਨੂੰ ਆਜਾਦ ਨਾ ਕਰੇ।

**ਯੂਹੰਨਾ ੩:੩੬** "ਜੋ ਪੁੱਤਰ ਉਤੇ ਵਿਸ਼ਵਾਸ ਕਰਦਾ ਹੈ, ਅਨੰਤ ਜੀਵਨ ਉਸੇ ਦਾ ਹੈ, ਜੋ ਪੁੱਤਰ ਉਤੇ ਵਿਸ਼ਵਾਸ ਹਨੀਂ ਕਰਦਾ ਹੈ, ਉਹ ਅਨੰਤ ਜੀਵਣ ਦਾ ਦਰਸ਼ਨ ਵੀ ਨਹੀ ਕਰੇਗਾ, ਅਤੇ ਉਸ ਉਤੇ ਪਰਮੇਸ਼ਰ ਦਾ ਕ੍ਰੋਪ ਰਹੇਗਾ।"

**ਪਰਕਾਸ਼ ਦੀ ਪੋਥੀ ੨੦:੧੧-੧੫** "ਤਦ ਮੈਂ ਇਕ ਚਿੱਟੇ ਵਡੇ ਤਖ਼ਤ ਨੂੰ
ਅਤੇ ਉਸ ਉਤੇ ਬੈਠੇ ਜਨ ਨੂੰ ਦੇਖਿਆ। ਧਰਤੀ ਅਤੇ ਅਕਾਸ਼ ਉਸ ਦੇ
ਸਾਹਮਣੇ ਹੱਟ ਗਏ ਅਤੇ ਲੋਪ ਹੋ ਗਏ। ਉਹਨਾਂ ਦੇ ਲਈ ਪਿੱਛੇ ਕੋਈ ਥਾਂ
ਬਾਕੀ ਨਾ ਬਚੀ।12 ਫਿਰ ਮੈਂ ਸਭ ਮਰੇ ਹੋਏ ਅਰਥਾਤ ਛੋਟੇ ਤੇ ਵੱਡੇ ਉਥੇ
ਖੜੇ ਦੇਖੇ, ਅਤੇ ਉਹਨਾਂ ਲਈ ਪੋਥੀਆਂ ਖੋਲ੍ਹੀਆਂ ਗਈਆਂ। ਇਸ ਦੇ ਨਾਲ
ਹੀ ਇਕ ਹੋਰ ਪੋਥੀ, ਜੋ ਜੀਵਨ ਦੀ ਸੀ ਖੋਲ੍ਹੀ ਗਈ।ਤਦ ਸਭ ਮਰਿਆਂ
ਹੋਇਆਂ ਦਾ ਨਿਆ ਉਹਨਾਂ ਦੇ ਕੰਮਾਂ ਦੇ ਅਧਾਰ ਤੇ ਕੀਤਾ ਗਿਆ।13
ਇਸ ਦੇ ਲਈ ਸਮੁੰਦਰ ਨੇ ਆਪਣੇ ਵਿਚ ਮਰੇ ਹੋਇਆਂ ਨੂੰ ਅਤੇ ਮੌਤ ਤੇ
ਨਰਕ ਕੁੰਢ ਨੇ ਆਪਣੇ ਵਿਚ ਰੱਖੇ ਗਏ ਮਰਿਆ ਹੋਇਆ ਨੂੰ ਵਾਪਸ ਮੋੜ
ਦਿੱਤਾ। ਹਰ ਮਨੁੱਖ ਦਾ ਨਿਆਂ ਉਸ ਦੇ ਕੰਮਾਂ ਅਨੁਸਾਰ ਕੀਤਾ ਗਿਆ।
14 ਤਦ ਮੌਤ ਅਤੇ ਨਰਕ ਕੁੰਢ ਨੂੰ ਅੱਗ ਦੀ ਝੀਲ ਵਿਚ ਸੁੱਟ ਦਿੱਤਾ
ਗਿਆ। ਇਹ ਅੱਗ ਦੀ ਝੀਲ ਦੂਜੀ ਮੌਤ ਹੈ। 15 ਜਿਸ ਕਿਸੇ ਦਾ ਵੀ
ਨਾਂ ਜੀਵਣ ਦੀ ਪੋਥੀ ਵਿਚ ਨਾ ਮਿਲਿਆ, ਉਸ ਨੂੰ ਅੱਗ ਦੀ ਝੀਲ ਵਿਚ
ਸੁੱਟ ਦਿੱਤਾ ਗਿਆ ਸੀ।"

ਏਥਿਅਸਟ (ਨਾਸਤਿਕ) ਕਹਿੰਦੇ ਹਨ ਕਿ ਪਰਮੇਸ਼ਰ ਦਾ ਵਜੂਦ ਹੀ ਨਹੀਂ ਹੈ ਜੇਕਰ ਇਸ ਤਰ੍ਹਾਂ ਹੁੰਦਾ ਤਾਂ ਮਨੁੱਖ ਦਾ ਅੰਤ ਮੌਤ ਹੋਣਾ ਸੀ। ਜਦੀ ਹਿੰਦੂਇਜ਼ਮ ਸਹੀ ਹੈ, ਜੋ ਸਿਖਾਉਂਦਾ ਹੈ ਕਿ ਮਨੁੱਖ ਦੀ ਸਬਤੋਂ ਬਡੀ ਪਰੇਸ਼ਾਨੀ ਪੁਨਰ ਜਨਮ ਦੇ ਚੱਕਰ ਤੋ ਬਾਹਰ ਨਿਕਲਨ ਦੀ ਹੈ ਅਤੇ ਇਸ ਦਾ ਹਲ ਆਪਣੇ ਆਪ ਨੂੰ ਕੜਾ ਅਨੁਸ਼ਾਸਿਤ ਕਰਨਾ ਹੈ। ਜੇਕਰ ਮਨੁੱਖ ਦੀ ਕਠਿਨ ਹਾਲਤ ਪਵਿੱਤਰ ਤੇ ਧਰਮੀ ਪਰਮੇਸ਼ਰ ਦੇ ਵਿਰੁਧ ਬਗਾਵਤ ਦਾ ਕਾਰਨ ਬਣਦੀ ਹੈ, ਤਾਂ ਫਿਰ ਸ਼ਾਡਾ ਛੁਟਕਾਰਾ ਕੇਵਲ ਮਸੀਹ ਯਿਸੂ ਦੂਆਰਾ ਪੂਰਾ ਕੀਤਾ ਮੁਕਤੀ ਦੇ ਕੰਮ ਵਿਚ ਮਿਲਦਾ ਹੈ, ਉਸ ਦੇ ਦੁਖ ਅਤੇ ਮੌਤ ਕਾ ਬਿਆਨ ਬੱਚਨ ਦੇ ਵਿਚ ਕੀਤਾ ਗਿਆ ਹੈ।2

# 3

# ਕੇਵਲ ਯਿਸੂ ਹੀ ਪਾਪਿਆਂ ਦਾ ਮੁਕਤੀਦਾਤਾ ਹੋਣ ਲਈ ਯੋਗ ਹੈ

ਜੇਕਰ ਇੱਕ ਪਰਮੇਸ਼ਰ ਹੈ ਅਤੇ ਪਾਪ ਪਰਮੇਸ਼ਰ ਦੇ ਵਿਰੁਧ ਰੁਕਾਵਟ ਬਣਦਾ ਹੈ ਤਦ ਉਹ ਹੀ ਕੇਵਲ ਉਸਦੇ ਨਿਆਂ ਦਾ ਸਹੀ ਹਲ ਕਢ ਸਕਦਾ ਹੈ। ਪਰਮੇਸ਼ਰ ਕਦੀ ਵੀ ਪਾਪਾਂ ਨੂੰ ਬਿਨਾਂ ਉਸਦੀ ਸੰਤੁਸ਼ਟੀ ਦੇ ਮਾਫ਼ ਨਹੀਂ ਕਰ ਸਕਦਾ। ਤੁਸੀਂ ਇਹ ਕਹ ਸਕਦੇ ਹੋ, "ਜਦੋਂ ਕੀ ਪਰਮੇਸ਼ਰ ਤੋਂ ਵੱਡਾ ਕੋਈ ਨਹੀਂ ਹੈ ਤਾਂ ਫ਼ਿਰ ਉਹ ਕਿਉਂ ਸਾਡੇ ਪਾਪਾਂ ਨੂੰ ਮਾਫ਼ ਨਹੀਂ ਕਰ ਸਕਦਾ?" ਸਾਰੇ ਧਰਮਾਂ ਵਿਚ ਇਹੋ ਹੀ ਸਿਖਾਂਇਆ ਜਾਂਦਾ ਹੈ। ਪਰ ਮਾਫ਼ੀ ਇਹਨਾਂ ਧਰਮਾ ਵਿਚ ਸਿਰਫ਼ ਨਿਆਂ ਦੀ ਕੀਮਤ ਹੀ ਹੋ ਸਕਦੀ ਹੈ। ਬਾਇਬਲ ਦਾ ਪਰਮੇਸ਼ਰ ਇਕ ਪਵਿੱਤਰ ਤੇ ਧਰਮੀ ਪਰਮੇਸ਼ਰ ਹੈ। ਉਹ ਪਾਪ ਨੂੰ ਸੌਖਾ ਮਾਫ਼ ਨਹੀਂ ਕਰ ਸਕਦਾ ਕਿਉਂਕਿ ਉਹ ਆਪਣੇ ਚਰਿਤਰ ਵਿਚ ਹਮੇਸ਼ਾ ਸੱਚਾ ਅਤੇ ਧਰਮੀ ਹੈ।

ਹੁਣ ਪਰਮੇਸ਼ਰ ਨੂੰ ਕੋਈ ਵੀ ਬੰਦਸ਼ ਨਹੀਂ ਕੀ ਉਹ ਪਾਪੀਆਂ ਨੂੰ ਬਚਾਵੇ। ਉਸ ਨੇ ਸਾਰੀ ਮਨੁੱਖ ਜਾਤੀ ਨੂੰ ਉਸ ਦੀ ਬਗਾਵਤ ਕਰਨ ਦੇ ਲਈ ਅਨੰਤਕਾਲ ਦੀ ਮੌਤ ਦੀ ਸਜ਼ਾ ਸੁਣਾ ਦਿੱਤੀ ਹੈ। ਪਰਮੇਸ਼ਰ ਨੇ ਉਹਨਾਂ ਸਵਰਗਦੂਤਾਂ ਨੂੰ ਵੀ ਸਜ਼ਾ ਦਿੱਤੀ ਜਿੰਨ੍ਹਾਂ ਨੇ ਉਸ ਤੋਂ ਬਗਾਵਤ ਕੀਤੀ ਸੀ (2ਪਤਰਸ 2:4; ਯਹੂਦਾ 6)। ਪਰ ਪਰਮੇਸ਼ਰ ਨੇ ਆਪਣੀ ਦਇਯਾ ਇਕ ਮੁਕਤੀਦਾਤਾ ਨੂੰ ਘੱਲ ਕੇ ਮਨੁੱਖ ਜਾਤੀ ਉਤੇ ਪ੍ਰਗਟ ਕੀਤੀ ਹੈ। ਉਹ ਮੁਕਤੀਦਾਤਾ ਕੌਣ ਹੋ ਸਕਦਾ ਹੈ? ਉਹ ਕੇਵਲ ਮਨੁੱਖ ਹੀ ਨਹੀਂ ਹੋ ਸਕਦਾ ਕਿਉਂਕਿ ਸਾਰੇ ਮਨੁੱਖ ਪਾਪੀ ਹਨ। ਕਿਉਂਕਿ ਪਾਪ ਆਦਮ ਦੁਆਰਾ ਹੀ

ਸਾਰੀ ਮਨੁੱਖ ਜਾਤੀ ਵਿਚ ਆਇਆ। ਹੁਣ ਇਕ ਪਾਪੀ, ਪਰਮੇਸ਼ਰ ਦੇ ਪਵਿੱਤਰ ਹੁਕਮ ਨੂੰ ਪੂਰਾ ਕਰਨ ਦੇ ਲਈ ਨਾਕਾਮਜਾਬ ਹੈ ਅਤੇ ਨਾ ਹੀ ਉਸ ਪਾਪ ਦੀ ਸਜਾ ਦਾ ਮੁੱਲ ਦੇ ਸਕਦੇ ਹੈ। ਇਕ ਸਰਗਦੂਤ ਜਿਸ ਵਿਚ ਪਾਪ ਨਹੀਂ ਉਹ ਵੀ ਮੁਕਤੀਦਾਤਾ ਨਹੀਂ ਬਣ ਸਕਦਾ ਹੈ। ਕਿਉਂਕਿ ਉਹ ਪਰਮੇਸ਼ਰ ਦੇ ਅਨੰਤਕਾਲ ਦੇ ਕ੍ਰੋਧ ਨੂੰ ਨਹੀਂ ਸਹਿ ਸਕਦਾ ਅਤੇ ਉਹ ਇਸ ਤੋਂ ਕਦੀ ਵੀ ਜਿੰਦਾ ਵਾਪਸ ਨਹੀਂ ਆ ਸਕਦਾ। ਇਸ ਤੋ ਇੰਜ਼ ਲਗਦਾ ਹੈ ਕਿ ਮਨੁੱਖ ਦੀ ਮੁਕਤੀ ਦਾ ਕੋਈ ਰਸਤਾ ਨਹੀਂ ਹੈ। ਲੇਕਿਨ ਪਰਮੇਸ਼ਰ ਦਾ ਧਨੰਵਾਦ ਕੀ ਉਹ ਨੇ ਰਸਤਾ ਲੱਭ ਲਿਆ ਹੈ। ਇਸ ਕੰਮ ਦੇ ਲਈ ਪਰਮੇਸ਼ਰ ਨੂੰ ਇਕ ਬੜੀ ਕੀਮਤ ਦੇਣੀ ਪਈ ਸੀ ਬਲਕਿ ਇਹ ਪਾਪੀਆਂ ਦੇ ਲਈ ਮੁੱਫਤ ਹੈ। ਇਹ ਕੀਮਤ ਪਰਮੇਸ਼ਰ ਨੇ ਅਪਣੇ ਕੇਵਲ ਇਕ ਮਾਤਰ ਪੁਤਰ ਨੂੰ ਇਸ ਦੁਨਿਆ ਵਿਚ ਘੱਲ ਕੇ ਅਤੇ ਸਾਡੇ ਸਾਰੇ ਪਾਪਾਂ ਦਾ ਭਾਰ ਉਸਦੇ ਉੱਪਰ ਪਾ ਦੇ ਸਾਡੇ ਪਾਪਾਂ ਦੇ ਲਈ ਉਸਦੀ ਕੀਮਤ ਦਿੱਤੀ ਅਤੇ ਸਹੀ ਧਾਰਮਿਕਤਾ ਸਥਾਪਿਤ ਕੀਤੀ, ਜਿਸ ਨੂੰ ਆਦਮ ਪੂਰਾ ਕਰਨ ਵਿਚ ਅਸਫਲ ਹੋਇਆ ਸੀ। ਇਹ ਸਾਨੂੰ ਦਿਖਾਉਂਦਾ ਹੈ ਕਿ ਤ੍ਰਿਇਕਤਾ (ਪਿੱਤਾ, ਪੁੱਤਰ ਅਤੇ ਪਵਿੱਤਰ ਆਤਮਾ) ਦਾ ਸਿਧਾਂਤ ਸਾਡੀ ਮੁਕਤੀ ਦੇ ਲਈ ਕਿਨ੍ਹਾਂ ਜਰੂਰੀ ਹੈ। ਤੁਸੀਂ ਦੇਖੋ, ਪਰਮੇਸ਼ਰ ਕਦੀ ਵੀ ਨਹੀਂ ਮਰ ਸਕਦਾ ਅਤੇ ਮਨੁੱਖ, ਸਹੀ ਮਨੁੱਖ ਵੀ ਕਦੇ ਪਰਮੇਸ਼ਰ ਦੇ ਕ੍ਰੋਧ ਦਾ ਸਾਮਣਾ ਨਹੀਂ ਕਰ ਸਕਦਾ ਹੈ। ਇਸ ਕਰਕੇ ਪਰਮੇਸ਼ਰ ਨੂੰ ਜਰੂਰਤ ਸੀ ਕਿ ਉਹ ਮਨੁੱਖ ਦਾ ਰੂਪ ਧਾਰਨ ਕਰੇ। ਸਾਡੀ ਮਾਫ਼ੀ ਦਾ ਸਹੀ ਮੁਕਤੀਦਾਤਾ ਬਣਨ ਦੇ ਲਈ ਇਸ ਤ੍ਰਿਨਿਟੀ (ਤ੍ਰਿਇਕ ਪਰਮੇਸ਼ਰ) ਦੇ ਦੂਸਰੇ ਵਿਅਕਤੀ ਯਿਸੂ ਨੇ ਮਨੁੱਖ ਰੂਪ ਧਾਰਨ ਕੀਤਾ।

ਆਉ ਅਸੀਂ ਯਿਸੂ ਮਸੀਹ ਦੇ ਮੁਕਤੀਦਾਤਾ ਹੋਣ ਦੇ ਗੁਣਾਂ ਨੂੰ ਦੇਖਿਏ। **ਪਹਿਲੀ ਗੱਲ,** ਉਸਨੂੰ ਪਰਮੇਸ਼ਰ ਦੇ ਸਾਹਮਣੇ ਸਹੀ ਹੋਣਾ ਜਰੂਰੀ ਸੀ ਕੀ ਉਹ ਸਾਡੇ ਲਈ ਮਿਸਾਲ ਬਣ ਸਕੇ। ਯਿਸੂ ਪਾਪ ਤੋਂ ਬਿਨਾਂ ਸੀ। ਉਸ ਨੇ ਆਪਣੇ ਵਿਰੋਧੀਆਂ ਨੂੰ ਝਿੜਕ ਕੇ ਕਿਹਾ, "ਤੁਹਾਡੇ ਵਿਚੋ ਕੌਣ ਮੈਨੂੰ ਪਾਪੀ ਠਹਿਰਾ ਸਕਦਾ ਹੈ?" ਇਸ ਦਾ ਕਿਸੇ ਨੇ ਕੋਈ ਵੀ ਜਬਾਬ ਨਹੀ ਦਿੱਤਾ। ਉਸਦੇ ਚੇਲੇ ਜਿਹੜੇ ਉਸਨੂੰ ਚੰਗੀ ਤਰ੍ਹਾਂ ਜਾਣਦੇ ਸਨ, ਉਸਦੇ ਪਾਪ ਰਹਿਤ ਹੋਣ ਦੀ ਗਵਾਹੀ ਦਿੰਦੇ ਹਾਂ।

**੧ਪਤਰਸ੧:੧੯** "ਸਗੋਂ ਤੁਹਾਡਾ ਛੁਟਕਾਰਾ ਮਸੀਹ ਦੇ ਬਹੁਮੁੱਲੇ ਲਹੂ ਦੇ ਦੁਆਰਾ ਹੋਇਆ ਹੈ, ਜੋ ਮੇਮਨੇ ਦੀ ਤਰ੍ਹਾਂ, ਨਿਹਕਲੰਕ ਅਤੇ ਨਿਰਦੋਸ਼ ਹਾਲਤ ਵਿਚ ਬਲੀ ਚੜਾਇਆ ਗਿਆ ਸੀ।

**੧ਪਤਰਸ ੨:੨੨** "ਉਸ ਨੇ ਕੋਈ ਪਾਪ ਨਾ ਕੀਤਾ, ਅਤੇ ਨਾ ਹੀ ਉਸ ਨੇ ਕੋਈ ਝੂਠ ਬੋਲਿਆ।"

**੧ਯੂਹੰਨਾ ੩:੫** "ਤੁਸੀਂ ਜਾਣਦੇ ਹੋ ਕਿ ਮਸੀਹ ਪਾਪ ਨੂੰ ਖ਼ਤਮ ਕਰਨ ਵਾਸਤੇ ਹੀ ਆਇਆ ਸੀ, ਕਿਉਂਕਿ ਉਹ ਪਾਪ ਰਹਿਤ ਹੈ।"

**ਦੂਸਰੀ ਗੱਲ,** ਯਿਸੂ ਨੂੰ ਪਰਮੇਸ਼ਰ ਹੋਣ ਦੀ ਜਰੂਰਤ ਸੀ ਕੀ ਉਹ ਮਨੁੱਖ ਅਤੇ ਪਰਮੇਸ਼ਰ ਦੇ ਵਿਚ ਵਿਚੋਲਾ ਬਣ ਸਕੇ। ਇਹ ਗੱਲਾਂ ਬੜੀ ਸਾਫ਼ ਯੂਹੰਨਾ ਦੀ ਕਿਤਾਬ ਦੇ ਪਹਲੇ ਪਾਠ ਦੇ ਸ਼ੁਰੂ ਦਿਆਂ ਆਇਤਾਂ ਵਿਚ ਲਿਖੀਆਂ ਹੋਇਆ ਹਨ।

**ਯੂਹੰਨਾ ੧:੧-੨** "ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਉਹ ਸ਼ਬਦ ਪਰਮੇਸ਼ਰ ਦੇ ਨਾਲ ਸੀ, ਜੋ ਪਰਮੇਸ਼ਰ ਸੀ, ਉਹ ਹੀ ਸ਼ਬਦ ਸੀ।2 ਉਹ ਸ਼ੁਰੂ ਤੋਂ ਹੀ ਪਰਮੇਸ਼ਰ ਦੇ ਨਾਲ ਸੀ।

**ਯੂਹੰਨਾ ੧:੧੮** "ਪਰਮੇਸ਼ਰ ਨੂੰ ਕਦੀ ਕਿਸੇ ਨੇ ਨਹੀਂ ਦੇਖਿਆ, ਕੇਵਲ ਪਰਮੇਸ਼ਰ ਦੇ ਇਕਲੌਤੇ ਨੇ, ਜੋ ਪਿਤਾ ਨੇ ਨਾਲ ਹੈ, ਉਸ ਨੂੰ ਪ੍ਰਗਟ ਕੀਤਾ।

**ਯੂਹੰਨਾ ੧੦:੩੦** "ਮੈਂ ਅਤੇ ਪਿਤਾ ਇਕ ਹਾਂ।"

**ਯੂਹੰਨਾ ੨੦:੨੮** "ਥੋਮਾ ਤੁਰੰਤ ਬੋਲ ਉਠਿਆ "ਮੇਰੇ ਪ੍ਰਭੂ, ਮੇਰੇ ਪਰਮੇਸ਼ਰ!"

**੧ਤਿਮੋਥਿਉਸ ੨:੫** "ਪਰਮੇਸ਼ਰ ਇਕੋ ਹੈ, ਅਤੇ ਪਰਮੇਸ਼ਰ ਅਤੇ ਮਨੁੱਖਾਂ ਵਿਚ ਵਿਚੋਲਾ ਵੀ ਇਕੋ ਮਨੁੱਖ ਹੈ ਅਰਥਾਤ ਮਸੀਹ ਯਿਸੂ।"

**ਤੀਸਰੀ ਗੱਲ,** ਉਸ ਨੂੰ ਪੂਰਨ ਤੌਰ ਤੇ ਮਨੁੱਖ ਹੋਣ ਦੀ ਲੋੜ ਸੀ ਕਿ ਉਹ ਸਾਡੇ ਪਾਪਾਂ ਦੇ ਲਈ ਮਰ ਸਕੇ, ਕਿਉਂਕਿ ਪਰਮੇਸ਼ਰ ਕਦੀ ਵੀ ਨਹੀਂ ਮਰ ਸਕਦਾ। ਯਿਸੂ ਨੇ ਮਨੁੱਖ ਦਾ ਰੂਪ ਹੀ ਨਹੀਂ ਧਾਰਨ ਕੀਤਾ ਬਲਕਿ ਉਹਨੇ ਸਾਡਾ ਪਾਪੀ ਸੁਭਾਵ ਹਮੇਸ਼ਾ ਦੇ ਲਈ ਆਪਣੇ ਉੱਪਰ ਲੇ ਲਿਤਾ। ਉਹ ਔਰਤ ਤੋਂ ਪੈਦਾ ਹੋਇਆ ਤੇ ਮਨੁੱਖਾਂ ਦੇ ਨਾਲ ਰਿਹਾ। ਉਹ ਪਾਪ ਦੀ ਦੇਹ ਵਿਚ ਪੈਦਾ ਹੋਇਆ ਲੇਕਿਨ ਪਾਪ ਦੇ ਬਿਨਾਂ ਸੀ। ਇਬਰਾਨਿਆਂ ਦਾ ਲਿਖਨ ਵਾਲਾ ਕਹਿੰਦਾ ਹੈ:

**ਇਬਰਾਨੀਆਂ ੨:੧੪-੧੫** "ਕਿਉਂਕਿ ਸੰਤਾਨ ਵਿਚ ਲਹੂ ਅਤੇ ਮਾਸ ਦੀ ਸਾਂਝ ਹੁੰਦੀ ਹੈ, ਇਸ ਲਈ ਯਿਸੂ ਨੇ ਵੀ ਮਨੁੱਖ ਬਣਕੇ ਸਾਡੇ ਨਾਲ ਇਹ ਸਾਂਝ ਰੱਖੀ। ਉਸ ਨੇ ਇਹ ਇਸ ਲਈ ਕੀਤਾ ਕਿ ਉਹ ਆਪਣੀ ਮੌਤ ਦੇ ਰਾਹੀਂ ਮੈਤ ਦੇ ਸੁਆਮੀ ਸ਼ੈਤਾਨ ਦਾ ਨਾਸ਼ ਕਰੇ, ਅਤੇ ਉਹਨਾਂ ਨੂੰ ਛੁਟਕਾਰਾ ਦੇਵੇ, ਜੋ ਆਪਣੇ ਸਾਰੇ ਜੀਵਨ ਭਰ, ਮੌਤ ਦੇ ਡਰ ਦਾ ਕਰਕੇ ਉਸ ਦੀ ਦਾਸ਼ਤਾ ਕਰਦੇ ਹਨ।

ਇਹਨਾ ਯੋਗਤਾਵਾਂ ਦਾ ਮਤਲਬ ਇਹ ਹੈ ਕਿ ਉਹ ਪੂਰਨ ਤੌਰ ਤੇ ਪਾਪ ਦੀ ਕੀਮਤ ਚੁੱਕਾ ਸਕਦਾ ਹੈ। ਕੇਵਲ ਇਨ੍ਹਾਂ ਹੀ ਨਹੀਂ ਕੀ ਉਹ ਇਕ ਆਦਮੀ ਦੇ ਪਾਪਾਂ ਦਾ ਮੂਲ ਚੁੱਕਾ ਸਕਦਾ ਬਲਕਿ ਹਰ ਇਕ ਦਾ, ਜਿਹਨਾ ਨੂੰ ਪਰਮੇਸ਼ਰ ਨੇ ਅਨੰਤਕਾਲ ਤੋਂ ਚੁਣਿਆਂ ਹੈ। ਉਹ ਦਾ ਪਰਮੇਸ਼ਰ ਹੋਣਾ, ਅਤੇ ਉਸ ਦਾ ਬਲਿਦਾਨ ਹਮੇਸ਼ਾ ਦੇ ਲਈ ਸੀ। ਪਰਮੇਸ਼ਰ ਹੋਣ ਦੇ ਨਾਤੇ ਉਹ ਮਨੁੱਖ ਦੀ ਸਜਾ ਦਾ ਭੁਗਤਾਨ ਥੋੜੇ ਸਮੇ ਵਿਚ ਕਰ ਸਕਦਾ ਸੀ, ਪਰ ਉਸਦੇ ਦੁਖਾਂ ਦੀ ਗਹਰਾਈ ਨੂੰ ਫਿਰ ਕੌਣ ਜਾਣ ਸਕਦਾ? ਇਕ ਵਾਰ ਉਹ ਸਜਾ ਦਾ ਭੁਗਤਾਨ ਕਰ ਦੇਵੇ, ਤਾਂ ਉਹ ਮੌਤ ਤੋਂ ਜਿੰਦਾ ਹੋਵੇਗਾ ਕੀ ਉਹ ਵਚਨ ਤੇ ਪਵਿੱਤਰ ਆਤਮਾ ਦੁਆਰਾ ਮੁਕਤੀ ਦਾ ਕੰਮ ਪਾਪੀਆਂ ਉੱਤੇ ਲਾਗੂ ਕਰ ਸਕੇ। ਧਿਆਨ ਦੇਵੋ ਕੀ ਕਿਵੈਂ ਉਸਨੇ ਸਾਡੇ ਲਈ ਇਹ ਆਪਣਾ ਕੰਮ ਪੂਰਾ ਕੀਤਾ ਹੈ। ਜਿਵੇਂ ਅਸੀਂ ਉਸਨੂੰ ਸਾਡਾ ਵਿਚੋਲਾਂ ਹੋਣ ਦਿਆਂ ਤਿੰਨ ਪਦਵੀਆਂ ਨਬੀ, ਪਰੋਹਿਤ ਅਤੇ ਰਾਜਾ ਦੇ ਰੂਪ ਵਿਚ ਦੇਖਦੇ ਹਾਂ।

4

# ਯਿਸੂ ਨਬੀ ਤੋਂ ਵਿ ਵੱਡਾ ਹੈ

ਅਧਿਕ ਲੋਗ ਇਹ ਮਾਂਨਦੇ ਹਾਂ ਕਿ ਮਨੁੱਖਜਾਤਿ ਬੁਰੀ ਨਹੀਂ ਹੈ। ਜੇਕਰ ਤੁਸੀਂ ਕਿਸੇ ਨੂੰ ਕਹੋ ਕੀ ਉਹ ਗਲਤ ਕੰਮ ਕਰਦਾ ਅਤੇ ਪਾਪੀ ਹੈ ਤਾਂ ਤੁਸੀਂ ਉਸ ਨੂੰ ਨਰਾਜ਼ ਕਰ ਦਿੰਦੇ ਹੋ। ਮਨੁੱਖ ਜਾਤੀ ਦੇ ਪਾਪ ਵਿਚ ਡਿਗਣ ਕਾ ਇਕ ਇਹ ਵੀ ਨਤੀਜਾ ਹੈ ਕਿ ਉਹ ਆਪਣੀ ਦਾਸ਼ ਨੂੰ ਦੇਖਣ ਦੇ ਲਈ ਅੰਨਾ ਹੈ। ਇਸ ਕਰਕੇ ਯਿਸੂ ਮਸੀਹ ਨੂੰ ਇਕ ਪਾਪੀ ਨੂੰ ਬਚੱਾਉਨ ਦੇ ਨਾਲ ਉਸਦੀ ਅੰਨੀ ਅੱਖ ਵੀ ਖੋਲਨੀਆਂ ਪੈਂਦੀਆ ਹਨ। ਯਿਸੂ ਮਸੀਹ ਕਈ ਨਬੀਆਂ ਦੇ ਵਿਚੋਂ ਇਕ ਨਬੀ ਨਹੀਂ ਹੈ ਉਹ ਇਕ ਨਬੀ ਦੇ ਵਰਗਾ ਅਨੋਖਾ ਹੈ। ਉਸਨੇ ਕਦੀ ਵੀ ਨਹੀ ਕਿਹਾ ਕੀ ਪਰਮੇਸ਼ਰ ਦਾ ਵਚਨ ਮੇਰੇ ਕੋਲ ਪਹੁੰਚਿਆ ਅਤੇ ਪਰਮੇਸ਼ਰ ਇਹ ਕਹਿੰਦਾ ਹੈ", ਪਰ ਉਹ ਆਪਣੇ ਅਧਿਕਾਰ ਨਾਲ ਲੋਕਾਂ ਨਾਲ ਬੋਲਦਾ ਸੀ। ਜਦੋਂ ਪਿਛਲੇ ਨਬੀ ਪਰਮੇਸ਼ਰ ਦੇ ਬਾਰੇ ਦੱਸਤੇ ਅਤੇ ਉਸਦੇ ਬਾਰੇ ਗੱਲਾਂ ਕਰਦੇ ਸੀ, ਉਹ ਲੋਕੀ ਆਉਣ ਵਾਲੇ ਮਸੀਹ ਦੇ ਬਾਰੇ ਇਸ਼ਾਰਾ ਕਰਦੇ ਸਨ (ਲੂਕਾ 24:25-27, 44-47; 1ਪਤਰਸ 1:10-12)। ਅੱਜ ਕਈ ਲੋਕ ਸਿਖਾਉਂਦੇ ਹਨ ਕੀ ਯਿਸੂ ਮਸੀਹ ਦੂਜੇ ਨਬੀਆਂ ਵਰਗਾ ਸੀ, ਲੇਕਿਨ ਇਹ ਗੱਲ ਬਾਇਬਲ ਦੇ ਮੁਤਾਬਿਕ ਸੱਚੀ ਨਹੀ ਹੈ। ਰੋਬਰਟ ਲੇਟਮੇਨ ਲਿਖਦਾ ਹੈ, ਕਿ ਉਹ

ਦੂਜੇ ਨਬੀਆਂ ਦੀ ਸੀਮਾ ਤੋਂ ਵੱਧਕੇ ਮਹਾਨ ਹੈ। ਉਸ ਦੀ ਸਿਖਿਆਂਵਾਂ ਵਿਚ ਉਸ ਦਾ ਆਪਣਾ ਅਧਿਕਾਰ ਹੈ ਜਦ ਕੇ ਦੂਜੇ ਨਬੀਆਂ ਦੇ ਅਧਿਕਾਰ ਉਹਨਾਂ ਦੇ ਮੁਤਾਬਿਕ ਨਹੀਂ ਸੀ। ਯਿਸੂ ਮਸੀਹ ਇਹ ਭੀ ਦੱਸਦੇ ਹਾਂ ਕੀ ਪਰਮੇਸ਼ਰ ਨਿਆਂ ਦੇ ਸਮਾਂ ਉਹ ਦੀ ਸਿਖਿਆਂਵਾਂ ਦੇ ਮਾਪਦੰਡ ਦੇ ਆਧਾਰ ਤੋਂ ਸਾਰੀ ਮਨੁੱਖ ਜਾਤੀ ਦਾ ਨਿਆਂ ਕਰੁਗਾ। ਉਸ ਦੇ ਇਸ ਦੁਨਿਆਂ ਵਿਚ ਆਉਣ ਦਾ ਮਕਸਦ ਦੁਨਿਆਂ ਨੂੰ ਬਚਾਉਣ ਦਾ ਸੀ ਨਾ ਕੀ ਦੰਡ ਦੇਣ ਦਾ। ਉਨਹਾਂ ਦੇ ਲਈ ਜਿਹੜੇ ਲਗਾਤਾਰ ਉਸਨੂੰ ਤਿਆਗਦੇ ਹਨ, ਉਨਹਾਂ ਨੂੰ ਮਸੀਹ ਯਿਸੂ ਦੇ ਸ਼ਬਦ ਅੰਤਿਮ ਨਿਆਂ ਦੇ ਸਮੇ ਉਹਣਾ ਨੂੰ ਦੋਸ਼ੀ ਠਹਰਾਉਂਗੇਂ (ਯੂਹੰਨਾ 12:47-50; ਲੂਕ 9:26)। ਜੋ ਭੀ ਪਰਮੇਸ਼ਰ ਪਿਤਾ ਉਸਨੂੰ ਕਹੰਦਾਂ ਸੀ ਯਿਸੂ ਔਹੀ ਬੋਲਦਾ ਸੀ, ਇਸ ਕਰਕੇ ਤੁਸੀਂ ਜਾਣ ਸਕਦੇ ਹੋ ਕਿ ਉਹ ਨਬੀ ਤੋ ਬੜ ਕੇ ਹੈ।3

ਕੁਝ ਧਰਮ ਸਿਖਾਉਂਦੇ ਹਨ ਕੀ ਯਿਸੂ ਸਭ ਨਬੀਆਂ ਵਿਚ ਤੋਂ ਇਕ ਹੈ, ਲੇਕਿਨ ਉਹ ਲੋਕ ਇਹ ਨਹੀਂ ਮਾਨਦੇ ਕੀ ਉਹ ਸਬ ਤੋਂ ਬੜਕਰ ਹੈ। ਬਾਇਬਲ ਸਿਖਾਉਂਦੀ ਹੈ ਕੀ ਯਿਸੂ ਨਾ ਕੇਵਲ ਆਖਿਰੀ ਨਬੀ ਹੈ ਬਲਕੀ ਯਿਸੂ ਉਹ ਲੋਕਾਂ ਵਿਚ ਸਬਤੋ ਮਹਾਨ ਹੈ, ਕਿਉਂਕਿ ਉਹ ਪਰਮੇਸ਼ਰ ਦਾ ਦੇਹਧਾਰੀ ਪੁਤੱਰ ਹੈ। ਉਹ ਮਨੁੱਖਜਾਤੀ ਦੇ ਲਈ ਪਰਮੇਸ਼ਰ ਦਾ ਆਖਿਰੀ ਸ਼ਬਦ ਹੈ। ਜੇਕਰ ਅਸੀਂ ਉਸ ਨੂੰ ਨਾ ਸੁਣਿਏ ਤਾਂ ਅਸੀਂ ਹਮੇਸ਼ਾ ਦੇ ਲਈ ਗੁਆਚ ਜਾਵਾਂਗੇ। ਬਾਇਬਲ ਦੀ ਇਬਰਾਨਿਆਂ ਦੀ ਕਿਤਾਬ ਦਾ ਲਿਖਨ ਵਾਲਾ ਦੱਸਦਾ ਹੈ:

**ਇਬਰਾਨੀਆਂ ੧:੧-੪** "ਪਰਮੇਸ਼ਰ ਪੁਰਾਣੇ ਸਮਿਆਂ ਵਿਚ ਸਾਡੇ ਪੁਰਖਿਆਂ ਨਾਲ ਕਈ ਵਾਰ ਅਤੇ ਕਈ ਵੱਖ ਵੱਖ ਢੰਗਾਂ ਨਾਲ ਬੋਲਿਆ ਸੀ। ਪਰ ਇਹਨਾਂ ਅੰਤਮ ਦਿਨਾਂ ਵਿਚ ਉਹ ਸਾਡੇ ਨਾਲ ਆਪਣੇ ਪੁੱਤਰ ਦੇ ਰਾਹੀਂ ਬੋਲਿਆ ਹੈ, ਜਿਸ ਨੂੰ ਉਸ ਨੇ ਸਾਰੇ ਸੰਸਾਰ ਦਾ ਉੱਤਰਾਧਿਕਾਰੀ ਠਹਿਰਾਇਆ ਹੈ ਅਤੇ ਜਿਸ ਦੀ ਮਹਿਮਾ ਦੇ ਦੁਆਰਾ ਉਸ ਨੇ ਸਾਰੀ

ਸ੍ਰਿਸ਼ਟੀ ਦੀ ਰਚਨਾ ਵੀ ਕੀਤੀ ਸੀ। ਉਹ ਪਰਮੇਸ਼ਰ ਦੀ ਮਹਿਮਾ ਦਾ ਤੇਜ ਅਤੇ ਉਸ ਦੇ ਪਰਮ ਤਤ ਦਾ ਪ੍ਰਗਟਾਵਾ ਹੈ। ਉਹ ਹੀ ਆਪਣੇ ਸ਼ਕਤੀਸ਼ਾਲੀ ਸ਼ਬਦਾਂ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਸੰਭਾਲਦਾ ਹੈ। ਉਸ ਨੇ ਜਦੋਂ ਮਨੁੱਖੀ ਪਾਪਾਂ ਦੀ ਮੁਕਤੀ ਦਾ ਕੰਮ ਖ਼ਤਮ ਕਰ ਲਿਆ, ਤਾਂ ਉਹ ਫਿਰ ਪਰਮ ਪਰਧਾਨ ਦੇ ਸੱਜੇ ਹੱਥ ਜਾ ਬੈਠਾ ਹੈ। ਇਸ ਤਰ੍ਹਾਂ ਪੁੱਤਰ ਸਵਰਗ-ਦੂਤਾਂ ਤੋਂ ਵੀ ਉਚਾ ਠਹਿਰਿਆ, ਇਥੋਂ ਤਕ ਕਿ ਉਸ ਨੇ ਉਹਨਾਂ ਨਾਲੋਂ ਕਿਤੇ ਅਧਿਕ ਉਚਾ ਨਾਂ ਵੀ ਪ੍ਰਾਪਤ ਕੀਤਾ।"

ਇਸ ਦਾ ਮਤਲਬ ਯਿਸੂ ਮਸੀਹ ਸਾਡੀ ਮੰਜਿਲ ਦਾ ਫੈਸ਼ਲਾ ਕਰੂਗਾ। ਇਸ ਲਈ ਧਿਆਨ ਦਿਉ ਕੀ ਆਖਰੀ ਨਬੀ ਕੀ ਸਿਖਾਉਂਦਾ ਹੈ ਕੀ ਕੈਵੇਂ ਅਸੀਂ ਪਰਮੇਸ਼ਰ ਦੇ ਕੋਲ ਆਵੇਂ।

**ਯੂਹੰਨਾ ੩:੧੬** "ਕਿਉਂਕਿ ਪਰਮੇਸ਼ਰ ਨੇ ਸੰਸਾਰ ਨਾਲ ਇੰਨਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਪੁੱਤਰ ਦੇ ਦਿੱਤਾ, ਤਾਂ ਜੋ ਉਹ ਸਾਰੇ ਜਿਹੜੇ ਉਸ ਉਤੇ ਵਿਸ਼ਵਾਸ ਕਰਨ, ਨਾਸ਼ ਨਾ ਹੋਣ, ਸਗੋਂ ਅਨੰਤ ਜੀਵਨ ਪ੍ਰਾਪਤ ਕਰਨ।"

**ਯੂਹੰਨਾ ੧੪:੬** "ਯਿਸੂ ਨੇ ਉਸ ਨੂੰ ਉੱਤਰ ਦੀੱਤਾ, "ਮੈਂ ਹੀ ਰਾਹ ਹਾਂ, ਮੈਂ ਹੀ ਸਤ, ਮੈਂ ਹੀ ਜੀਵਣ ਹਾਂ। ਮੇਰੇ ਤੋਂ ਬਿਨਾਂ ਕੋਈ ਵੀ ਪਿਤਾ ਦੇ ਕੋਲ ਪਹੁੱਚ ਨਹੀਂ ਸਕਦਾ।"

**ਯੂਹੰਨਾ ੬:੩੭** "ਉਹ ਹਰ ਕੋਈ ਜਿਸ ਨੂੰ ਮੇਰਾ ਪਿਤਾ ਮੈਨੂੰ ਦਿੰਦਾ ਹੈ, ਉਹ ਮੇਰੇ ਕੋਲ ਆਵੇਗਾ; ਅਤੇ ਜੋ ਮੇਰੇ ਕੋਲ ਆਵੇਗਾ, ਉਸ ਨੂੰ ਮੈਂ ਕਦੀ ਵਾਪਸ ਨਹੀਂ ਘੱਲਾਂਗਾ।"

**ਯੂਹੰਨਾ ੬:੪੪** "ਕੋਈ ਮੇਰੇ ਕੋਲ ਨਹੀਂ ਆ ਸਕਦਾ, ਜਦੋਂ ਤਕ ਕਿ ਪਿਤਾ ਜਿਸ ਨੇ ਮੈਨੂੰ ਘਲਿਆ ਹੈ, ਉਸ ਨੂੰ ਮੇਰੇ ਵੱਲ ਆਉਣ ਲਈ ਪਰੇਰਤ ਨਾ ਕਰੇ। ਮੈਂ ਉਸ ਨੂੰ ਅੰਤਮ ਦਿਨ ਜ਼ਿੰਦਾ ਕਰਾਂਗਾ।"

**ਯੂਹੰਨਾ ੧੭:੩** "ਅਨੰਤ ਜੀਵਣ ਇਹ ਹੈ: ਉਹ ਤੈਨੂੰ ਇਕ ਮਾਤਰ ਸੱਚੇ ਪਰਮੇਸ਼ਰ ਨੂੰ ਅਤੇ ਯਿਸੂ ਮਸੀਹ, ਜਿਸ ਨੂੰ ਤੂੰ ਘਲਿਆ ਹੈ, ਜਾਣਨ।"

**ਮਤੀ ੧੧:੨੮-੩੦** "ਤੁਸੀਂ ਜਿਹੜੇ ਥੱਕੇ ਅਤੇ ਭਾਰ ਦੇ ਹੇਠਾਂ ਦਬੇ ਹੋਏ ਹੋ, ਮੇਰੇ ਕੋਲ ਆਉ, ਮੈਂ ਤੁਹਾਨੂੰ ਅਰਾਮ ਦੇਵਾਂਗਾ। ਮੇਰਾ ਜੂਲਾ ਲਵੋ ਅਤੇ ਆਪਣੇ ਉਤੇ ਰੱਖੋ। ਮੇਰੇ ਕੋਲੋਂ ਸਿੱਖੋ ਕਿ ਮੈਂ ਦਿਲ ਦਾ ਨਰਮ ਅਤੇ ਆਤਮਾ ਦਾ ਦੀਨ ਹਾਂ; ਅਤੇ ਤੁਸੀਂ ਅਰਾਮ ਪਾਉਗੇ; ਕਿਉਂਕਿ ਮੇਰਾ ਜੂਲਾ ਸੋਖਾ ਅਤੇ ਮੇਰਾ ਭਾਰ ਹੌਲਾ ਹੈ।"

ਯਿਸੂ ਮਸੀਹ ਦਾ ਪਰਮੇਸ਼ਰ-ਮਨੁੱਖ ਹੋਣਾ ਮਨੁੱਖਜਾਤਿ ਦਾ ਮੁਕਤੀਦਾਤਾ ਹੋਣ ਲਈ ਇਕ ਤੀਖਾ ਇਸ਼ਾਰਾ ਹੈ, ਕਿਉਂਕਿ ਉਹ ਦੋਨੋ ਸਾਡੇ ਪਾਪਾਂ ਨੂੰ ਪ੍ਰਗਟ ਕਰਦੇ ਹਾਂ ਅਤੇ ਉਹ ਸਾਡਾ ਮੁਕਤੀਦਾਤਾ ਦੇ ਰੂਪ ਵਿਚ ਖੁਦ ਨੂੰ ਬਤਾਉਂਦੇ ਹਾਂ। ਜਦੋਂ ਮੂਸਾ ਤੇ ਇਲਿਯਾਹ ਦੇ ਨਾਲ ਯਿਸੂ ਦਾ ਉਸ ਪਹਾੜੀ ਤੇਂ ਰੂਪ ਪਰਿਵਰਤਨ ਹੋਇਆ ਤੇ ਇਸ ਯਾਦਗਾਰ ਦੇ ਲਈ ਪਤਰਸ ਚਾਹੁੰਦਾ ਸੀ ਕਿ ਉਥੇਂ ਤਿੰਨ ਵੇਦੀਆਂ ਬਣਾਇਆਂ ਜਾਵੇਂ। ਤਦ ਉਹ ਵੇਲੇ ਅਕਾਸ਼ ਤੋਂ ਇਕ ਅਵਾਜ਼ ਆਈ "ਇਹ ਮੇਰਾ ਇਕਲੌਤਾ ਪੁੱਤਰ ਹੈ ਇਸ ਦੀ ਸੁਨੋ।" ਇਹ ਸਾਡੇ ਲਈ ਚੰਗੀ ਗੱਲ ਹੈ, ਕੀ ਅਸੀਂ ਯਿਸੂ ਮਸੀਹ ਉੱਤੇ ਧਿਆਨ ਲਾਓ ਕਿ ਉਹ ਇਸ ਦੁਨਿਆਂ ਦੇ ਸਾਰੇ ਨਬੀਆਂ ਤੋਂ ਬੱਡਾ ਹੈ ਜਿਹਨਾ ਨੂੰ ਕਦੀ ਇਸ ਦੁਨਿਆਂ ਨੇ ਜਾਣਿਆਂ ਸੀ।

# 5

# ਯਿਸੂ ਉੱਤਮ ਅਤੇ ਆਖਿਰੀ ਮਹਾ ਪੁਰੋਹਿਤ ਦੇ ਰੂਪ ਵਿਚ

ਪੁਰਾਨੇ ਨਿਮ ਵਿਚ ਲੇਵਿਆਂ ਨੂੰ ਪਰਮੇਸ਼ਰ ਦੇ ਮਿਲਾਪ ਵਾਲੇ ਤੰਬੂ ਦੀ ਅਤੇ ਬਾਦ ਵਿਚ ਉਹਨਾਂ ਨੂੰ ਮੰਦਿਰ ਦਿ ਸੇਬਾ ਦੇ ਲਈ ਨਿਯੁਕਤ ਕਿਤਾ ਗਿਆ ਸੀ। ਪੁਰੋਹਿਤ ਪਦ ਹਾਰੂਨ ਅਤੇ ਉਸਦੇ ਵੰਸ਼ ਦੇ ਲਈ ਸੁਰੱਖਿਅਤ ਸੀ। ਮਹਾ ਪੁਰੋਹਿਤ ਪਦ, ਏਲਿਏਜਰ ਦੇ ਬਡੇ ਪੁੱਤਰ ਦਾ ਸੀ। ਉਹ ਨੇ ਪਾਪ ਦਾ ਬਲਿਦਾਨ ਪਹਲੇ ਆਪਣੇ ਲਈ ਅਤੇ ਬਾਦ ਵਿਚ ਬਾਕੀ ਲੋਕਾਂ ਦੇ ਲਈ ਚੜਾਇਆ। ਹਰ ਇਕ ਲੋਕਾਂ ਦੇ ਨਾਮਾਂ ਅਨੁਸਾਰ ਪਾਪ ਨੂੰ ਹਟਾਉਣ ਦੇ ਲਈ ਪੁਰਾਨੇ ਨਿਮ ਦਾ ਪਾਪ ਦਾ ਬਲਿਦਾਨ ਦਾ ਉਦੇਸ਼ ਕਦੀ ਵੀ ਪੁਰਾ ਨਹੀਂ ਹੋ ਸਕਦਾ ਸੀ। ਇਸ ਦੇ ਕਈ ਕਾਰਨ ਹੈ। ਮੈਂ ਤੁਹਾਨੂੰ ਕੁਝ ਕਾਰਨ ਦਾਸਾਂਗਾਂ। ਕਿਉਂ ਮਾਨਵ ਪੁਰੋਹਿਤ ਪਦ ਪਾਪ ਦੀ ਸੰਤੋਖ ਪ੍ਰਦਾਨ ਕਰਨ ਦੇ ਲਈ ਥੌੜ੍ਹਾ ਸੀ।

**ਪਹਲੀ ਗੱਲ:** ਹਰ ਇਕ ਮਾਨਵ ਪੁਰੋਹਿਤ ਨਸ਼ਵਰ ਸ਼ੀ ਅਤੇ ਇਸ ਕਰਕੇ ਉਹਨਾ ਦੇ ਪਿਛੋਂ ਉਸ ਕੰਮ ਨੂੰ ਜਾਰੀ ਰਖਨ ਦੇ ਲਈ ਦੂਜੇ ਪੁਰੋਹਿਤ ਦੀ ਲੋੜ ਹੋਂਦੀ ਸੀ। ਪਰ ਇਸ ਕਰਕੇ ਇਕ ਏਸੇ ਸਹੀ ਪੁਰੋਹਿਤ ਦੀ ਲੋੜ ਸੀ ਜਿਸਦੇ ਪੁਰੋਹਿਤ ਪਦ ਦਾ ਕਦੀ ਵੀ ਅੰਤ ਨਹੀਂ ਹੋ ਸਕੇ।

**ਦੂਜੀ ਗੱਲ:** ਸਾਰੇ ਮਾਨਵ ਪੁਰੋਹਿਤ ਪਾਪੀ ਸਨ। ਇਸ ਲਈ ਉਹ ਲੋਕੀ ਪਹਲੇ ਆਪਣੇ ਪਾਪਾਂ ਦਾ ਬਲਿਦਾਨ ਕਰਦੇ ਸੀ ਅਤੇ ਬਾਦ ਤੋਂ ਦੁਜੇ ਲੋਕਾਂ ਦੇ ਲਈ।

**ਤੀਜੀ ਗੱਲ:** ਉਥੋ ਇਕ ਤੋਂ ਜਾਦਾ ਬਲਿਦਾਨ ਸੀ। ਉਹ ਬਲਿਦਾਨ ਹਰ ਦਿੱਨ, ਹਰ ਮਾਹ ਅਤੇ ਹਰ ਸਾਲ ਕਰਨੇ ਪੈਂਦੇ ਸੀ। ਇਹ ਸਿਧ ਬਲਿਦਾਨ ਬਿਨਾਂ ਦੁਹਰਾਏ ਇਕ ਹੀ ਬਾਰ ਹੋਉਗਾ ਅਤੇ ਸਰਿਆਂ ਦੀ ਮੁਕਤੀ ਦਾ ਜਰਿਆ ਹੋਉਗਾ।

**ਚੌਥੀ ਗੱਲ:** ਬਲਿਦਾਨ ਬਦਲੀ ਦੇ ਸਿਧਾਂਤ ਤੋਂ ਹੋਨਦਾ ਸੀ। ਲੇਕਿਨ ਜਾਨਵਰਾਂ ਦੇ ਬਲਿਦਾਨ ਨੈਤਿਕ ਹਿੰਸਾ ਦੀ ਬਦਲੀ ਕਰਨ ਦੇ ਲਿਏ ਥੌੜੇ ਸੀ। ਸੱਚਾ ਬਲਿਦਾਨ ਉਹ ਦਾ ਹੋਉਗਾ ਜਿਹੜਾ ਮਨੁੱਖ ਸੀ ਅਤੇ ਪਾਪ ਦੇ ਬਿਨਾ ਸੀ। 4

ਸਭ ਮਾਨਵ- ਪੁਰੋਹਿਤਾਂ ਤੋਂ ਵਖਰਾ, ਸਡਾ ਪ੍ਰਭੂ ਯਿਸੂ ਪੁਰੋਹਿਤ ਪਦ ਦੇ ਦੂਜੀ ਵਿੱਵਸਥਾ ਤੋਂ ਆਉਂਦਾ ਹੈ। ਉਹ ਮਲਕੀਸਦੇਕ ਵਿੱਵਸਥਾ ਤੋਂ ਆਉਂਦਾ ਹੈ ਜੇਹੜੀ ਹਮੇਸ਼ਾ ਦੇ ਲਈ ਹੈ। ਪ੍ਰਭੂ ਯਿਸੂ ਮਹਾ ਪੁਰੋਹਿਤ ਸੀ ਉਸ ਵਿਚ ਪਾਪ ਨਹੀਂ ਸੀ। ਉਹ ਨੇ ਇਕ ਬਲਿਦਾਨ ਦਿੱਤਾ ਅਤੇ ਉਹ ਬਲਿਦਾਨ ਸਹੀ ਸੀ ਅਤੇ ਇਸ ਕਰਦੇ ਉਸਨੂੰ ਦੁਬਾਰਾ ਕੋਈ ਬਲਿਦਾਨ ਚੜ੍ਹਾਉਣ ਦੀ ਕੋਈ ਲੋੜ ਨਹੀਂ ਹੈ। ਯਿਸੂ ਨੇ ਜਿਹੜਾ ਬਲਿਦਾਨ ਦਿੱਤਾ ਉਹ ਕੋਈ ਜਾਨਵਰ ਦਾ ਨਹੀਂ ਸੀ ਕਿ ਉਹ ਸਾਨੂੰ ਕਦੀ ਵੀ ਮੁਕਤੀ ਨਾ ਦੇ ਸਕੇ ਬਲਕਿ ਉਹ ਉਸਦੇ ਖੁਦ ਦਾ ਬਲਿਦਾਨ ਸੀ। ਇਹ ਸਭ ਇਬਰਾਨਿਆਂ ਦੀ ਕਿਤਾਬ ਵਿਚ ਲਿਖਿਆ ਹੈ:

**ਇਬਰਾਨੀਆਂ ੭:੧੪-੨੮** “ਕਿਉਂਕਿ ਇਹ ਸਾਫ਼ ਹੈ ਕਿ ਉਸ ਮਨੁੱਖ ਅਰਥਾਤ ਸਾਡੇ ਪ੍ਰਭੂ ਦਾ ਸੰਬੰਧ ਯਹੂਦਾ ਦੇ ਕਬੀਲੇ ਨਾਲ ਸੀ, ਜਿਸ ਦੀ ਪੁਰੋਹਿਤਾਈ ਸੇਵਾ ਬਾਰੇ ਮੂਸਾ ਨੇ ਕੁਝ ਵੀ ਨਹੀਂ ਕਿਹਾ ਸੀ। 15 ਇਹ ਗੱਲ ਹੋਰ ਵੀ ਸਾਫ਼ ਹੈ, ਜਦੋਂ ਅਸੀਂ ਦੇਖਦੇ ਹਾਂ ਕਿ ਇਕ ਹੋਰ ਪੁਰੋਹਿਤ ਮਲਕਿਸਿਦਕ ਦੇ ਵਰਗਾ ਹੀ ਪ੍ਰਗਟ ਹੋ ਜਾਂਦਾ ਹੈ। 16 ਉਸ ਦੀ ਪੁਰੋਹਿਤਾਈ ਦਾ ਆਧਾਰ ਸੰਸਾਰਕ ਵਿਵਸਥਾ ਜਾਂ ਆਗਿਆਵਾਂ ਨਹੀਂ, ਸਗੋਂ ਉਸ ਦਾ ਆਧਾਰ ਉਹ ਜੀਵਣ ਹੈ ਜਿਸ ਦਾ ਕੋਈ ਵੀ ਅੰਤ ਨਹੀਂ ਹੈ। 17 ਉਸ ਦੇ ਸੰਬੰਧ ਵਿਚ ਧਰਮ ਗ੍ਰੰਥ ਇਸ ਤਰ੍ਹਾਂ ਗਵਾਹੀ ਦਿੰਦਾ ਹੈ: “ਤੂੰ ਮਲਕਿਸਿਦਕ ਦੀ ਪਰੰਪਰਾ ਅਨੁਸਾਰ ਹਮੇਸ਼ਾ ਤਕ ਦੇ ਲਈ ਪੁਰੋਹਿਤ ਹੈ।” 18 ਇਸ ਲਈ ਪੁਰਾਣੀ ਆਗਿਆਵਾਂ ਨੂੰ ਇਕ ਲਾਭੇ ਕਰ

ਦਿੱਤਾ ਗਿਆ, ਕਿਉਂਕਿ ਉਹ ਕਮਜ਼ੋਰ ਅਤੇ ਵਿਅਰਥ ਸਨ। 19 ਉਸ
ਵਿਵਸਥਾ ਦੁਆਰਾ ਕਿਸੇ ਤਰ੍ਹਾਂ ਦੀ ਵੀ ਪੂਰਨਤਾ ਨਾ ਮਿਲ ਸਕੀ। ਇਸ
ਲਈ ਉਸ ਤੋਂ ਇਕ ਚੰਗੀ ਉਮੀਦ ਪੈਦਾ ਕੀਤੀ ਗਈ, ਜਿਸ ਦੁਆਰਾ
ਅਸੀਂ ਪਰਮੇਸ਼ਰ ਦੇ ਨੇੜੇ ਪਹੁੰਚਦੇ ਹਾਂ। 20 ਫਿਰ ਇਹ ਵੀ ਫਰਕ ਹੈ
ਕਿ ਇਸ ਦੇ ਨਾਲ ਇਕ ਸੌਂਹ ਵੀ ਚੁਕੀ ਗਈ, ਜੋ ਇਸ ਤੋਂ ਪਹਿਲਾਂ
ਪੁਰੋਹਿਤ ਬਣਾਉਂਦੇ ਸਮੇਂ ਨਹੀਂ ਚੁਕੀ ਜਾਂਦੀ ਸੀ।" 21 ਉਸ ਅਰਥਾਤ
ਯਿਸੂ ਦੀ ਪੁਰੋਹਿਤ ਤੋ ਪਦ ਦੇ ਸੌਂਹ ਦੇ ਦੁਆਰਾ ਨਿਯੁਕਤੀ ਹੋਈ, ਜਿਸ
ਦੇ ਦੁਆਰਾ ਉਸ ਨੂੰ ਕਿਹਾ ਗਿਆ: "ਪ੍ਰਭੂ ਨੇ ਸੌਂਹ ਚੁਕੀ ਹੈ, ਉਹ ਕਦੀ
ਉਸ ਨੂੰ ਬਦਲੇਗਾ ਨਹੀਂ, 'ਤੂੰ ਹਮੇਸ਼ਾ ਤਕ ਦੇ ਲਈ ਪੁਰੋਹਿਤ ਹੈ।" 22
ਇਸ ਲਈ ਹੁਣ ਯਿਸੂ ਇਕ ਉਤਮ ਨੇਮ ਦਾ ਜ਼ਾਮਨ ਵੀ ਬਣ ਗਿਆ ਹੈ।
23 ਇਕ ਹੋਰ ਵੀ ਗੱਲ ਹੈ: ਉਥੇ ਬਹੁਤ ਸਾਰੇ ਹੋਰ ਵੀ ਪੁਰੋਹਿਤ ਬਣੇ,
ਕਿਉਂਕਿ ਉਹ ਮੌਤ ਦੇ ਕਾਰਨ ਇਹ ਕੰਮ ਹਮੇਸ਼ਾ ਤਕ ਨਾ ਕਰ ਸਕੇ।
24 ਪਰ ਯਿਸੂ ਦੀ ਪੁਰੋਹਿਤ ਵਾਲੀ ਪਦਵੀ ਦਾ ਦੂਜਾ ਕੋਈ ਵਾਰਸ ਨਹੀਂ
ਹੋ ਸਕਦਾ, ਕਿਉਂਕਿ ਉਹ ਆਪ ਅਨੰਤਕਾਲ ਤਕ ਜੀਉਂਦਾ ਰਹੇਗਾ। 25
ਇਸ ਲਈ ਉਹ ਹਮੇਸ਼ਾ ਉਹਨਾਂ ਦਾ ਬਚਾ ਕਰ ਸਕਦਾ ਹੈ, ਜੋ ਉਸ ਦੇ
ਦੁਆਰਾ ਪਰਮੇਸ਼ਰ ਕੋਲ ਆਉਂਦੇ ਹਨ, ਕਿਉਂਕਿ ਉਹ ਉਹਨਾਂ ਦੇ ਲਈ
ਪਰਮੇਸ਼ਰ ਅੱਗੇ ਹਮੇਸ਼ਾ ਬੇਨਤੀ ਕਰਨ ਦੇ ਲਈ ਜੀਉਂਦਾ ਹੈ। 26 ਸੋ ਇਸ
ਤਰ੍ਹਾਂ ਪੁਰੋਹਿਤ ਸਾਡੀ ਲੋੜ ਪੂਰੀ ਕਰ ਸਕਦਾ ਹੈ, ਕਿਉਂਕਿ ਉਹ ਪਵਿੱਤਰ,
ਨਿਰਦੋਸ਼, ਸ਼ੁੱਧ, ਪਾਪੀਆਂ ਤੋਂ ਵੱਖ ਤਰ੍ਹਾਂ ਦਾ ਅਤੇ ਅਕਾਸ਼ਾਂ ਤਕ ਉਚਾ
ਕੀਤਾ ਗਿਆ ਹੈ। 27 ਫਿਰ ਉਸ ਨੂੰ ਦੂਜੇ ਪੁਰੋਹਿਤ ਦੀ ਤਰ੍ਹਾਂ ਹਰ ਰੋਜ਼
ਕੁਰਬਾਨੀ ਚੜ੍ਹਾਉਣ ਦੀ ਲੋੜ ਨਹੀਂ ਹੈ, ਨਾ ਆਪਣੇ ਪਾਪਾਂ ਲਈ ਅਤੇ ਨਾ
ਦੂਜੇ ਲੋਕਾਂ ਲਈ। ਇਹ ਉਸ ਨੇ ਇਕ ਹੀ ਵਾਰ ਉਸ ਸਮੇਂ ਚੜ੍ਹਾ ਦਿੱਤੀ
ਹੈ, ਜਦੋਂ ਉਸ ਨੇ ਆਪਣੇ ਆਪ ਦੀ ਕੁਰਬਾਨੀ ਦਿੱਤੀ ਸੀ। 28 ਵਿਵਸਥਾ
ਤਾਂ ਕਮਜ਼ੋਰ ਆਦਮੀਆਂ ਨੂੰ ਮਹਾ ਪੁਰੋਹਿਤਾਂ ਦੇ ਪਦਾਂ ਤੇ ਨਿਯੁਕਤ ਕਰਦੀ
ਹੈ, ਪਰ ਦੈਵੀ ਸੌਂਹ ਜੋ ਵਿਵਸਥਾ ਦੇ ਪਿੱਛੋਂ ਆਈ, ਪੁੱਤਰ ਨੂੰ ਨਿਯੁਕਤ
ਕਰਦੀ ਹੈ, ਜੋ ਹਮੇਸ਼ਾ ਦੇ ਲਈ ਪੂਰਨ ਕੀਤੀ ਜਾ ਚੁਕੀ ਹੈ।"

ਕੇਵਲ ਯਿਸੂ ਮਸੀਹ ਹੀ ਮਨੁੱਖਜਾਤਿ ਦਾ ਮੁਕਤੀਦਾਤਾ ਹੈ, ਕਿਉਂਕਿ ਉਹ ਹੀ ਪਰਮੇਸ਼ਰ ਨੂੰ ਸੰਤੁਸ਼ਟ ਕਰਨ ਵਾਲਾ ਬਲਿਦਾਨ ਚੜ੍ਹਾਉਂਦਾ ਹੈ। ਉਹ ਹੀ ਆਪਣੀ ਜਾਣ ਸਾਡੇ ਲਈ ਦੇ ਸਕਦਾ ਸੀ ਕਿਉਂਕਿ ਇਹ ਉਸਦਾ

ਅਧਿਕਾਰ ਸੀ। ਇਹ ਕੋਈ ਹੋਰ ਜੀਵ ਨਹੀ ਕਰ ਸਕਦਾ ਸੀ ਕਿਉਂਕਿ ਉਹਨਾਂ ਦਾ ਪ੍ਰਾਣ ਪਰਮੇਸ਼ਰ ਦਾ ਸੀ ਯਿਸੂ ਆਪਣੇ ਬਲਿਦਾਨ ਦੁਆਰਾ ਪਾਪ ਦਾ ਦਾਮ ਚੁਕਾ ਦਿੱਤਾ ਅਤੇ ਆਪਣੇ ਪ੍ਰਾਣ ਦੁਆਰਾ ਧਾਰਮਿਕਤਾ ਪੱਕਕੀ ਕੀਤੀ ਜਿਹੜੀ ਪਾਪੀ ਨੂੰ ਸਵਰਗ ਵਿਚ ਇਕ ਪਛਾਣ ਦੇਵੇ। ਬਾਇਬਲ ਵਿਚ ਯਿਸੂ ਦੀ ਮੌਤ ਬਾਰੇ ਅਸੀਂ ਪੜਦੇ ਹਾਂ :

**੧ਪਤਰਸ ੨:੨੪** "ਉਸ ਨੇ ਆਪ ਸਾਡੇ ਪਾਪਾਂ ਨੂੰ ਆਪਣੇ ਉਤੇ ਸਲੀਬ ਦੇ ਦੁਆਰਾ ਚੁੱਕ ਲਿਆ ਕਿ ਅਸੀਂ ਪਾਪ ਦੇ ਲਈ ਮਰ ਜਾਈਏ ਅਤੇ ਧਾਰਮਿਕਤਾ ਦੇ ਲਈ ਜੀਵੀਏ। ਉਸ ਦੇ ਜ਼ਖਮਾਂ ਦੇ ਰਾਹੀਂ ਹੀ ਤੁਸੀਂ ਨਹੌਏ ਹੋਏ ਹੋ।"

**੨ਕੁਰਿੰਥਸ ੫:੨੧** "ਮਸੀਹ ਬਿਲਕੁਲ ਪਾਪ ਰਹਿਤ ਸੀ, ਪਰ ਫਿਰ ਵੀ ਪਰਮੇਸ਼ਰ ਨੇ ਉਸ ਨੂੰ ਸਾਡੇ ਖ਼ਾਤਰ ਸਾਡੇ ਪਾਪਾਂ ਦਾ ਭਾਗੀ ਬਣਾਇਆ ਕਿ ਉਸ ਦੇ ਰਾਹੀਂ ਅਸੀਂ ਪਰਮੇਸ਼ਰ ਦੀ ਭਲਾਈ ਦੇ ਭਾਗੀ ਬਣੀਏ।"

**ਮਰਕੁਸ ੧੦:੪੫** "ਮਨੁੱਖ ਦਾ ਪੁੱਤਰ ਵੀ ਸੇਵਾ ਕਰਾਉਣ ਲਈ ਨਹੀਂ ਆਇਆ, ਉਹ ਸੇਵਾ ਕਰਨ ਅਤੇ ਬਹੁਤਿਆਂ ਲੋਕਾਂ ਦੀ ਮੁਕਤੀ ਦੇ ਮੁਲ ਲਈ ਆਪਣੀ ਜਾਨ ਦੇਣ ਲਈ ਆਇਆ ਹੈ।"

ਯਿਸੂ ਮਸੀਹ ਸਭ ਮਨੁੱਖਜਾਤਿ ਦਾ ਸਿਧ ਮੁਕਤੀਦਾਤਾ ਹੈ। ਉਹ ਆਪ ਬਚਨ ਵਿਚ, ਵਿਚਾਰਾਂ ਅਤੇ ਕੰਮ ਵਿਚ ਆਗਿਆਕਾਰਿਤਾ ਦਾ ਜੀਵਨ ਜਿਆ। ਉਹ ਨੇ ਕੇਵਲ ਉਸ ਦੇ ਲੋਕਾਂ ਦੇ ਲਈ ਪੂਰਨ ਤੌਰ ਤੇ ਨੇਮ ਹੀ ਨਹੀਂ ਪੂਰਾ ਕੀਤਾ ਬਲਕੀ ਸੂਲੀ ਉੱਤੇ ਆਪਣੀ ਜਾਣ ਦੀਤੀ ਕਿ ਸਾਰੀ ਮਨੁੱਖਜਾਤੀ ਦੇ ਪਾਪ ਦਾ ਮੂਲ ਚੁਕਾ ਦਿੱਤਾ। ਉਹ ਅਪਰਾਧੀ ਨਹੀਂ ਸੀ ਬਲਕਿ ਉਹਨੇ ਆਪਣੀ ਇੱਛਾ ਨਾਲ ਆਪਣੀ ਜਾਣ ਬਹੁਤਾਂ ਦੇ ਪਾਪਾਂ ਦੇ ਛੁਟਕਾਰੇ ਦੇ ਲਈ ਦੇ ਦਿੱਤੀ (ਯੂਹੰਨਾ 10:11, 17-18)। ਇਹ ਗੱਲ ਸੱਚ ਹੈ ਕਿ ਉਹ ਤੁਫ਼ਾਨਾਂ ਅਤੇ ਮਸੁੰਦਰ ਦੀ ਲਹਰਾਂ ਦਾ ਮਾਲਕ ਸੀ ਅਤੇ ਇਸ ਕਰਕੇ ਉਹ ਸਮੁੰਦਰ ਨੂੰ ਸ਼ਾਂਤ ਕਰਨ ਦੀ ਤਾਕਤ ਰਖਦਾ ਸੀ ਅਤੇ ਉਸ ਦੇ ਲਈ ਇਹ ਕੋਈ ਔਖਾ ਨਹੀਂ ਸੀ ਕਿ ਉਹ ਉਸਦੇ ਸੂਲੀ ਪੇ ਚੜਾਉਣ ਵਾਲਿਆਂ ਨੂੰ ਨਾਸ਼ ਨਾ ਕਰ ਸਕੇ। ਉਹ ਬਿਮਾਰਿਆਂ, ਭੂਤਾਂ ਅਤੇ

ਮੌਤ ਉੱਪਰ ਮਾਲੱਕ ਸੀ, ਅਜੇਹ ਉਹ ਦੇ ਲਈ ਇਹ ਭੀ ਔਖਾ ਨਹੀਂ ਸੀ ਕਿ ਉਹ ਆਪਣੇ ਦੁਸ਼ਮਨਾਂ ਨੂੰ ਖੱਤਮ ਨਾ ਕਰ ਸਕੇ। ਸੂਲੀ ਉਤੇ ਉਹਨੇ ਆਪਣੇ ਆਪ ਨੂੰ ਆਪਣੀ ਇੱਛਾ ਤੋਂ ਦੇ ਦਿੱਤਾ ਕੀ ਉਹ ਪਾਪਿਆਂ ਦੇ ਬਲਦੇ ਆਪਣੀ ਜਾਣ ਦੇਵੇ ਕਿ ਪਾਪੀ ਪਰਮੇਸ਼ਰ ਦੇ ਕ੍ਰੋਧ ਤੋ ਬੱਚ ਜਾਵੇਂ। ਯਿਸੂ ਮਸੀਹ ਇਕ ਅਨੋਖਾ ਮਹਾ ਪੁਰੋਹਿਤ ਹੈ। ਉਹ ਕੇਵਲ ਬਲਿਦਾਨ ਹੀ ਨਹੀਂ ਚੜ੍ਹਉਂਦਾ ਹੈ ਬਲਕੀ ਉਹ ਆਪ ਹੀ ਬਲਿਦਾਨ ਹੈ। ਕਿਉਂਕਿ ਉਹ ਰੱਬੀ ਹੋਨ ਦੇ ਕਾਰਨ, ਪੂਰਨ ਤੌਰ ਤੇ ਪਰਮੇਸ਼ਰ ਦੇ ਕ੍ਰੋਧ ਦਾ ਸਾਮਨਾ ਕਰ ਸਕਦਾ ਹੈ। ਇਸ ਲਈ ਜੋ ਲੋਕ ਉਸਦੇ ਕੋਲ ਆਉਂਦੇ ਹਾਂ ਉਹ ਉਹਨਾ ਨੂੰ ਬਚੱਾਉਣ ਲਈ ਯੋਗ ਹੈ।

# 6

# ਯਿਸੂ ਰਾਜਾ ਅਤੇ ਪ੍ਰਭੂ ਦੇ ਵਰਗਾ

ਯਿਸੂ ਮਸੀਹ ਮਰਾ ਹੋਇਆ ਮੁਕਤੀਦਾਤਾ ਨਹੀਂ ਹੈ। ਉਹ ਮੌਤ ਤੋ ਜਿੰਦਾ ਹੋਇਆ ਹੈ। ਮੌਤ ਉਸਨੂੰ ਆਪਣੇ ਕਬਜੇ ਵਿਚ ਨਹੀ ਰਖ ਸਕੀ। ਪਿਤਾ ਤੋਂ ਮਿਲਿਆ ਹੋਇਆ ਕੰਮ ਪੂਰਾ ਕਰਨ ਤੋਂ ਪਿਛੋਂ ਪਿਤਾ ਨੇ ਉਹ ਨੂੰ ਉੱਚਾ ਕੀਤਾ।

**ਫਿਲਿਪੀਆਂ ੨:੬-੧੧** "ਉਹ ਆਦਿ ਤੋਂ ਹੀ ਪਰਮੇਸ਼ਰ ਦਾ ਸਰੂਪ ਸੀ, ਪਰ ਫਿਰ ਵੀ ਉਸਨੇ ਆਪਣੇ ਆਪ ਨੂੰ ਬਲ ਪੂਰਵਕ ਪਰਮੇਸ਼ਰ ਨਾ ਸਮਝਣਾ ਚਾਹਾ। 7 ਸਗੋਂ ਉਸ ਨੇ ਇਸ ਦੀ ਥਾਂ ਆਪਣੇ ਆਪ ਨੂੰ ਖਾਲੀ ਕਰਕੇ, ਇਕ ਦਾਸ ਦਾ ਰੂਪ ਧਾਰ ਲਿਆ ਅਤੇ ਪੂਰਨ ਮਨੁੱਖ ਬਣਕੇ ਪ੍ਰਗਟ ਹੋਇਆ। 8 ਉਸ ਨੇ ਆਪਣੇ ਆਪ ਨੂੰ ਨਮ੍ਰ ਕੀਤਾ, ਅਤੇ ਮੈਤ ਤਕ ਆਗਿਆਕਾਰ ਰਿਹਾ, ਇਥੋਂ ਤਕ ਕਿ ਸਲੀਬੀ ਮੈਤ ਤਕ। 9 ਇਸੇ ਲਈ ਪਰਮੇਸ਼ਰ ਨੇ ਵੀ ਉਸ ਨੂੰ ਉਹ ਨਾਂ ਦਿੱਤਾ, ਜੋ ਸਭ ਨਾਵਾਂ ਤੋਂ ਉੱਚਾ ਹੈ।10 ਤਾਂ ਜੋ ਯਿਸੂ ਦੇ ਨਾਂ ਤੇ ਹਰ ਵਿਅਕਤੀ ਝੁਕੇ, ਚਾਹੇ ਉਹ ਅਸਮਾਨ ਤੇ ਹੋਵੇ, ਜਾਂ ਜ਼ਮੀਨ ਤੇ ਜਾਂ ਜ਼ਮੀਨ ਦੇ ਥੱਲੇ। 11 ਹਰ ਮਨੁੱਖ ਪਰਮੇਸ਼ਰ ਪਿਤਾ ਦੀ ਮਹਿਮਾ ਵਿਚ, ਖੁਲ੍ਹੇ ਆਮ ਮੰਨ੍ਹੇ ਕਿ ਯਿਸੂ ਮਸੀਹ ਹੀ ਪ੍ਰਭੂ ਹੈ।"

ਖੁਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ ਸੀ ਕਿ ਮੈਨੂੰ ਸਵਰਗ ਤੇ ਧਰਤੀ ਦਾ ਸਾਰਾ ਅਧਿਕਾਰ ਦਿੱਤਾ ਗਿਆ ਹੈ। ਉਹ ਨੇ ਉਹਨਾਂ ਨੂੰ ਸਾਰੀ ਦੁਨਿਆਂ ਦੇ ਲੋਕਾਂ ਨੂੰ ਸੁਸਮਾਚਾਰ ਸੁਨਾਣ ਤੇ ਉਹਨਾਂ ਨੂੰ ਚੇਲਿਆਂ ਬਨੁਉਂਣ ਲਈ ਘੱਲਿਆ (ਮੱਤੀ 28:18-20)। ਉਸਦਾ ਧਿਆਨ ਸਾਰੀ ਮਨੁੱਖਜਾਤਿ ਉਤੇ

ਹੈ, ਸਾਰੀ ਦੁਨਿਆ ਉਸਦੇ ਰਾਜ ਦਾ ਦਾਯਰਾ ਹੈ ਅਤੇ ਉਸਦਾ ਬਲਿਦਾਨ ਸਾਰੀ ਦੁਨਿਆ ਨੂੰ ਪ੍ਰਭਾਵਿਤ ਕਰਦਾ ਹੈ। ਪੌਲੂਸ ਇਸ ਗੱਲ ਨੂੰ ਕੁਲੁਸੀਆਂ ਦੀ ਕਿਤਾਬ ਵਿਚ ਸਮਝਾਉਣਾ ਹੈ।

**ਕੁਲੁਸੀਆਂ ੧:੧੫-੨੦** "ਉਹ ਅਣਦੇਖੇ ਪਰਮੇਸ਼ਰ ਦਾ ਦੇਖਿਆ ਜਾਣ
ਵਾਲਾ ਸਰੂਪ ਹੈ। ਉਸ ਦੀ ਸ੍ਰਿਸ਼ਟੀ ਵਿਚ ਸਭ ਤੋਂ ਪਹਿਲੀ ਥਾਂ ਹੈ। 16
ਉਸੇ ਦੇ ਰਾਹੀਂ ਹੀ ਪਰਮੇਸ਼ਰ ਨੇ ਅਕਾਸ਼ ਅਤੇ ਧਰਤੀ ਉਤਲੀਆਂ ਸਭ
ਦੇਖੀਆਂ ਅਤੇ ਅਨਦੇਖੀਆਂ ਚੀਜ਼ਾਂ ਦੀ ਰਚਨਾ ਕੀਤੀ ਸੀ। ਗੱਲ ਕੀ
ਸਭ ਸਿੰਘਾਸਣ, ਪਾਤਸ਼ਾਹੀਆਂ, ਰਾਜੇ-ਮਹਾਰਾਜੇ ਅਤੇ ਸ਼ਕਤੀਆਂ - ਸਭ
ਕੁਝ ਉਸੇ ਦੇ ਦੁਆਰਾ ਅਤੇ ਉਸ ਲਈ ਪਰਮੇਸ਼ਰ ਨੇ ਪੈਦਾ ਕੀਤੇ ਸਨਪ
17 ਉਹ ਸਭ ਚੀਜ਼ਾਂ ਤੋਂ ਪਹਿਲਾਂ ਵਿੱਦਮਾਨ ਸੀ ਅਤੇ ਸਭ ਸ੍ਰਿਸ਼ਟੀ ਦੀ
ਏਕਤਾ ਉਸੇ ਵਿਚ ਹੈ। 18 ਉਹ ਆਪਣੇ ਸਰੀਰ ਅਰਥਾਤ ਵਿਸ਼ਵਾਸ
ਸੰਗਤ ਦਾ ਸਿਰ ਹੈ, ਅਤੇ ਉਹ ਉਸ ਦਾ ਸ਼ੁਰੂ ਵੀ ਹੈ। ਉਹ ਸਭ ਤੋਂ
ਪਹਿਲਾਂ ਮੁਰਦਿਆਂ ਵਿਚੋਂ ਜੀ ਉਠਿਆ ਕਿ ਉਹ ਸਭ ਚੀਜ਼ਾਂ ਵਿਚ ਸਭ
ਤੋਂ ਉਚੀ ਥਾਂ ਪ੍ਰਾਪਤ ਕਰੇ। 19 ਪਰਮੇਸ਼ਰ ਨੂੰ ਆਪ ਹੀ ਚੰਗਾ ਲਗਾ ਕਿ
ਆਪ ਉਹ ਉਸ ਵਿਚ ਆਪਣੀ ਸਭ ਪੂਰਨਤਾ ਨਾਲ ਵਾਸ ਕਰੇ। 20 ਉਸੇ
ਨੂੰ ਪਰਮੇਸ਼ਰ ਨੇ ਸਭ ਚੀਜ਼ਾਂ ਦਾ, ਆਪਣੇ ਨਾਲ ਮੇਲ ਕਰਾਉਣ ਦੇ ਲਈ
ਚੁਣਿਆ ਅਰਥਾਤ ਆਪਣੇ ਨਾਲ ਸੁਲਹਾ, ਆਪਣੇ ਪੁੱਤਰ ਦਾ ਸਲੀਬ ਤੇ
ਖ਼ੂਨ ਵਹਾਉਣ ਦੇ ਰਾਹੀਂ ਚਾਹੇ ਉਹ ਧਰਤੀ ਤੇ ਹੋਣ ਜਾਂ ਅਕਾਸ਼ ਤੇ।"

ਪ੍ਰਭੂ ਕੇ ਰੂਪ ਵਿਚ ਜੀ ਉਠੇ ਯਿਸੂ, ਆਪਣੀ ਅੱਤਮਾ ਨੂੰ ਪਾਪਿਆਂ ਦੇ ਕੋਲ ਘੱਲ ਕੇ ਪਾਪਿਆਂ ਦੇ ਦਿੱਲਾਂ ਨੂੰ ਜਿੱਤ ਲੈਂਦੇ ਹਾ। ਇਕ ਰਾਜਾ ਦੇ ਰੂਪ ਵਿਚ ਯਿਸੂ ਦੇ ਨਾਲ, ਇਕ ਬਡੇ ਤੋਂ ਬਡੇ ਪਾਪੀ ਦੇ ਦਿੱਲ ਨੂੰ ਜਿੱਤਨ ਦੀ ਅਤੇ ਉਸ ਨੂੰ ਆਪਣੀ ਇੱਛਾ ਦੇ ਅਧਿਨ ਕਰਨ ਦੀ ਸ਼ਕਤੀ ਹੈ। ਅਸੀਂ ਤਾਰਸੂਸ ਦੇ ਸ਼ਾਉਲ ਦੇ ਜੀਵਨ ਪਰਵਿਰਤਨ ਨੂੰ ਦੇਖ ਸਕਦੇ ਹਾਂ। ਜਿਹੜਾ ਕਲੀਸਿਆ ਨੂੰ ਨਾਸ਼ ਕਰਨ ਦੇ ਲਈ ਤੁਲਿਆ ਸੀ ਲੇਕਿਨ ਉਹ ਹੀ ਅਨਜਾਤਿਂਆ ਦਾ ਸਬਸੇ ਬਡਾ ਪ੍ਰੇਰਿਤ ਬਣਿਆ। ਇਸ ਦਾ ਇਹ ਕਾਰਨ ਹੈ ਕਿ ਯਿਸੂ ਨੂੰ ਸਰਗ ਤੇ ਧਰਤੀ ਦਾ ਸਾਰਾ ਅਧਿਕਾਰ ਮਿਲਿਆ ਹੈ, ਕਿ ਪਾਪੀ ਜਾਣ ਸਕੇ ਕੀ ਉਹ ਆਪਣੀ ਸਾਰੀ ਪ੍ਰਤਿਗਿਆਂਵਾਂ ਪੂਰੀ ਕਰੂਗਾ। ਉਸਦੀ ਪ੍ਰਤਿਗਿਆ ਹੈ, ਜਿਹੜਾ ਕੋਈ ਉਸਦੇ ਕੋਲ ਆਉਗਾ ਉਹ ਉਸਨੂੰ ਮੁਕਤੀ ਦੇਉਗਾ।

# 7

# ਯਿਸੂ ਸਾਰੀ ਮਾਨੁੱਖਜਾਤੀ ਦਾ ਮੁਕਤੀਦਾਤਾ

ਯਿਸੂ ਦਾ ਮੁਕਤੀ ਦਾ ਅਲੌਕਿਕ ਕੰਮ ਉਹ ਦੇ ਲਈ ਵੀ ਪ੍ਰਭਾਵਿਤ ਹੈਂ ਜਿਹੜੇ ਉਸ ਤੋਂ ਪਹਿਲਾਂ ਹੋਏ ਸੀ। ਜਿਸ ਵੇਲੇ ਸਾਡੀ ਮਿਸ਼ਾਲ ਆਦਮ ਨੇ ਪਰਮੇਸ਼ਰ ਦੀ ਆਗਿਆ ਤੋੜੀ, ਉਸੀਂ ਵੇਲੇ ਹੀ ਮਸੀਹ ਉਹਨਾਂ ਦੇ ਕੋਲ ਆਇਆ ਤੇ ਉਨਹਾਂ ਨੂੰ ਔਰਤ ਦੇ ਵੱਲੋਂ ਆਉਣ ਵਾਲੇ ਮੁਕਤੀਦਾਤਾ ਦੀ ਆਸ ਦਿੱਤੀ। ਇਹ ਭਵਿੱਖ ਵਿਚ ਆਉਣ ਵਾਲੇ ਮਸੀਹ ਦੀ ਸਭ ਤੋਂ ਪਹਲੀ ਸੁਸਮਾਚਾਰ ਦੀ ਪ੍ਰਤਿਗਾ ਦੀ ਘੋਸ਼ਣਾ ਸੀ।

**ਉਤਪਤ ੩:੧੫** "ਮੈਂ ਤੇਰੇ ਅਤੇ ਔਰਤ ਵਿਚ, ਤੇਰੀ ਸੰਤਾਨ ਅਤੇ ਔਰਤ ਦੀ ਸੰਤਾਨ ਵਿਚ, ਵੈਰ ਪਾਵਾਂਗਾ; ਉਹ ਤੇਰੀ ਸਿਰੀ ਫੇਵੇਗੀ, ਅਤੇ ਤੂੰ ਉਸ ਦੀ ਅੱਡੀ ਡੰਗੇਗਾ।"

ਪੁਰਾਨੇ ਨਿਮ ਵਿਚ ਯਿਸੂ ਮਸੀਹ ਦੀ ਵਿਅਕਤੀ, ਥਾਂ ਅਤੇ ਚੀਜ਼ਾਂ ਵਿਚ ਪੂਰਵਕਲਪਨਾ ਕੀਤੀ ਗਈ ਸੀ। ਉਹ ਨਬੀ, ਪੁਰੋਹਿਤ ਅਤੇ ਰਾਜਾ ਦੀ ਪਦਵੀ ਵਿਚ ਪ੍ਰਤੀਕ ਸੀ। ਅਤੇ ਉਹ ਮਦਿੰਰ ਵਿਚ ਪ੍ਰਤੀਕ ਸੀ ਜਿਥੋਂ ਪਰਮੇਸ਼ਰ ਦੀ ਮਸੀਮਾ ਪ੍ਰਗਟ ਰਹੰਦੀ ਸੀਂ। ਉਹ ਦੀ ਬਲਿਦਾਨਾਂ ਵਿਚ ਪੂਰਵਕਲਪਨਾ ਕੀਤੀ ਗਈ ਸੀ ਜਿਹੜੇ ਯਿਸੂ ਮਸੀਹ ਦੇ ਸਿਧ ਬਲਿਦਾਨ ਦੀ ਔਰ ਇਸਾਰਾ ਕਰਦੇ ਸੀ। ਪੁਰਾਨੇ ਨਿਮ ਦੇ ਵਿਸ਼ਵਾਸੀ ਉਹਨਾਂ ਦੀ ਮੁਕਤੀ ਭਵੀਖ ਵਿਚ ਪੂਰੀ ਹੋਨ ਵਾਲੀ ਪ੍ਰਤਿਗਿਆ ਉੱਤੇ ਵਿਸ਼ਵਾਸ ਕਰਨ ਦੇ ਵੱਲੋਂ ਪ੍ਰਾਪਤ ਕਰਦੇ ਹੈ। ਉਹ ਵਿਸ਼ਵਾਸੀ, ਜਿਹੜੇ ਯਿਸੂ ਦੀ ਮੌਤ ਅਤੇ

ਪੂਨਰ ਜੀਵਨ ਦੇ ਬਾਦ ਹੋਏ, ਉਹ ਉਸਦੇ ਪੂਰੇ ਹੋਏ ਕੰਮ ਨੂੰ ਆਪਣੀ ਅੱਖਾਂ ਲਗਾਉਂਦੇ ਹਨ। ਜਿਸ ਵੇਲੇ ਅਬ੍ਰਾਹਮ ਨੂੰ ਉਸਦੇ ਇਕਲੌਤੇ ਪੁੱਤਰ ਦਾ ਬਲਿਦਾਨ ਚੜ੍ਹਾਉਣ ਦੇ ਲਈ ਬੁਲਾਇਆ ਉਸ ਸਮਾਂ ਉਹ ਬਹੁਤ ਖੁਸ਼ ਹੋਇਆ ਜਦੋਂ ਉਸਨੇ ਮਸੀਹ ਨੂੰ ਇਕ ਝਾੜ੍ਹੀ ਵਿਚ ਫ਼ਸੇ ਮੇਮਨੇ ਦੇ ਰੂਪ ਵਿਚ ਦੇਖੀਆਂ। ਮੂਸਾ ਨੇ ਮਸੀਹ ਦੇ ਲਈ ਮਿਸਰ ਦੀ ਰਾਜਗਦਦੀ ਤੇ ਦੌਲਤ ਨੂੰ ਠੁਕਰਾ ਦਿੱਤਾ। ਦਾਊਦ ਯਿਸੂ ਨੂੰ ਪ੍ਰਭੂ ਬੁਲਾਉਂਦਾ ਹੈ, ਮਨੁੱਖ ਸੁਭਾਵ ਦੇ ਨਾਤੇ ਯਿਸੂ ਮਸੀਹ ਦਾਊਦ ਦੇ ਵੰਸ਼ ਤੋਂ ਹੋਇਆ।

**ਯੂਹੰਨਾ ੮:੫੬-੫੮** "ਤੁਹਾਡਾ ਪਿਤਾ ਮੇਰੇ ਦਿੱਨ ਨੂੰ ਦੇਖ ਕੇ ਅਤਿਅੰਤ ਖੁਸ਼ ਹੋ ਉਠਿਆ। ਉਸ ਨੇ ਦੇਖਿਆ ਅਤੇ ਅਨੰਦ ਮਨਾਇਆ।" 57 ਯਹੂਦੀਆਂ ਨੇ ਯਿਸੂ ਨੂੰ ਕਿਹਾ, "ਤੂੰ ਤਾਂ ਅਜੇ ਪੰਜਾਹ ਸਾਲਾਂ ਦੇ ਵੀ ਨਹੀਂ ਹੋਇਆ। ਫ਼ਿਰ ਕੀ ਤੂੰ ਅਬਰਾਹਾਮ ਨੂੰ ਦੇਖਿਆ ਹੈ?" ਯਿਸੂ ਨੇ ਉਹਨਾਂ ਨੂੰ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਅਬਰਾਹਾਮ ਦੇ ਪੈਦਾ ਹੋਣ ਤੋਂ ਪਹਿਲਾਂ ਮੈਂ ਹਾਂ।"

**ਇਬਰਾਨੀਆਂ ੧੧:੨੪-੨੬** "ਵਿਸ਼ਵਾਸ ਦੇ ਦੁਆਰਾ ਹੀ ਮੂਸਾ ਨੇ ਵੱਡੇ ਹੋਣ ਤੇ ਫਿਰਊਨ ਦੀ ਧੀ ਦਾ ਪੁੱਤਰ ਅਖਵਾਉਣ ਤੋਂ ਇਨਕਾਰ ਕੀਤਾ। ਉਸ ਨੇ ਕੁਝ ਚਿਰ ਦੇ ਲਈ ਪਾਪ ਦੇ ਵਿਚ ਸੁੱਖ ਭੋਗਣ ਨਾਲੋਂ ਪਰਮੇਸ਼ਰ ਦੇ ਲੋਕਾਂ ਨਾਲ ਦੁੱਖ ਸਹਿਣ ਨੂੰ ਪਹਿਲ ਦਿੱਤੀ, ਕਿਉਂਕਿ ਉਹ ਜਣਦਾ ਸੀ ਕਿ ਪਰਮੇਸ਼ਰ ਦੇ ਅਭਿਸ਼ੇਕਤ ਲਈ ਇਹ ਕਿਤੇ ਅਧਿਕ ਮਹਾਨ ਹੈ। ਉਸ ਦੀ ਨਜ਼ਰ ਉਸ ਫਲ ਤੇ ਲਈ ਸੀ, ਜੋ ਉਸ ਨੂੰ ਪਰਮੇਸ਼ਰ ਦੇਣ ਵਾਲਾ ਸੀ।"

**ਭਜਨ ੧੧੦:੧** "ਪ੍ਰਭੂ ਨੇ ਮੇਰੇ ਮਾਲਕ ਰਾਜਾ ਨੂੰ ਕਿਹਾ: ਤੂੰ ਮੇਰੇ ਸੱਜੇ ਹਥ ਬੈਠ, ਜਦੋਂ ਤਕ, ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰਾਂ ਦੀ ਚੌਂਕੀ ਨਾ ਬਣਾ ਦੇਵਾਂ।"

ਯਿਸੂ ਮਸੀਹ ਮਨੁੱਖ ਜਾਤੀ ਦਾ ਇਕੋ ਹੀ ਮੁਕਤੀਦਾਤਾ ਹੈ। ਕਿਉਂਕਿ ਉਸ ਵਿਚ ਹੀ ਮੁਕਤੀਦਾਤਾ ਦੀ ਸਭ ਯੋਗਤਾਵਾਂ ਹੈ। ਕੋਈ ਹੋਰ ਇਹਨਾ ਚੰਗਾ ਜਾਂ ਤਾਕਤਵਰ ਨਹੀਂ ਸੀ ਕੀ ਉਹ ਸਾਡੇ ਪਾਪਾਂ ਦਾ ਸੌਦਾ ਕਰ ਸਕੇ। ਉਹ ਹੀ ਕੇਬਲ ਸਾਡੇ ਦੁਸ਼ਮਨ ਉੱਤੇ ਜਿੱਤ ਪਾਣ ਦੇ ਲਈ ਅਤੇ ਉਸਦੇ ਕੰਮਾਂ

ਨੂੰ ਨਾਸ਼ ਕਰਨ ਦੇ ਯੋਗ ਹੈ (1 ਯੂਹੰਨਾ 3:8)।ਉਹ ਨੇ ਹੀ ਅਕੇਲੇ ਪਾਪ ਦਾ ਕਰਜ ਉਸਦੇ ਦੁਖਾਂ ਦੇ ਸਹਨ ਅਤੇ ਮੌਤ ਦੇ ਦੁਆਰਾ ਚੁਕਾਇਆ ਹੈ। ਉਹ ਦਾ ਬਲਿਦਾਨ ਕੇਬਲ ਪਰਮੇਸ਼ਰ ਵੱਲੋਂ ਸਵਿਕਾਰ ਕੀਤਾ ਗਿਆ ਹੈ ਅਤੇ ਜਿਸਨੇ ਉਸਨੂੰ ਮੌਤ ਤੋਂ ਫ਼ਿਰ ਜਿੰਦਾ ਕੀਤਾ। ਕੇਵਲ ਯਿਸੂ ਮਸੀਹ ਹੀ ਪਵਿੱਤਰ ਆਤਮਾ ਜਿਹੜੀ ਪਿਤਾ ਨੇ ਉਸਨੂੰ ਦਿੱਤੀ, ਦੇ ਵੱਲੋਂ ਪਾਪਿਆਂ ਨੂੰ ਮੁਕਤੀ ਦੇ ਸਕਦਾ ਹੈ। ਇਹ ਆਤਮਾ ਵੱਲੋਂ ਨਵਾਂ ਜਨਮ ਉਹਨਾ ਨੂੰ ਦਿੱਤਾ ਜਾਂਦਾ ਹੈਂ ਜਿਹੜੇ ਪਾਪਾਂ ਵਿਚ ਮਰੇ ਹਨ। ਵਿਸ਼ਵਾਸ ਅਤੇ ਪਛੱਤਾਵਾ ਇਕ ਦਾਨ ਹੈਂ ਜਦ ਸੁਸਮਾਚਾਰ ਸੁਨਾਇਆ ਜਾਣਦਾ ਹੈ ਤਦ ਮਸੀਹ ਆਪਣੀ ਆਤਮਾ ਵੱਲੋਂ ਸਾਨੂੰ ਸੁਸਮਾਚਾਰ ਨੂੰ ਸਵੀਕਾਰ ਕਰਨ ਦੀ ਯੋਗਤਾ ਲਈ ਇਸ ਨੂੰ ਦੇਂਦਾ ਹੈ। ਇਸ ਕਿਤਾਬ ਦੇ ਬਾਕੀ ਭਾਗ ਵਿਚ, ਮੈਂ ਤੁਸੀਂ ਦਿਖਾਉਣਾ ਚਾਉਂਦਾ ਹਾਂ ਕੀ ਕੈਵੇਂ ਯਿਸੂ ਮਸੀਹ ਇਕ ਸਿਧ ਮੁਕਤੀਦਾਤਾ ਹੈ ਅਤੇ ਕਿਸੀ ਨੂੰ ਵੀ ਨਿਰਾਸ਼ ਹੋਣ ਦੀ ਲੋੜ ਨਹੀ ਕੀ ਉਹ ਉਸ ਨੂੰ ਮੁਕਤੀ ਨਹੀਂ ਦੇ ਸਕਦਾ।

# ੮

# ਯਿਸੂ ਮਸੀਹ ਪੁਛੜੀ-ਜਾਤੀ ਦਾ ਵੀ ਮੁਕਤੀਦਾਤਾ ਹੈ

ਉਹ ਕਿਸੀ ਵੀ ਆਦਮੀ ਅਤੇ ਔਰਤ ਨੂੰ ਬੁਰਾ ਨਹੀਂ ਦੇਖਦਾ ਹੈ ਹੁਣ ਚਾਹੇ ਉਹ ਲੋਕੀਂ ਕਿਨ੍ਹੀਂ ਵੀ ਬੁਰੀ ਦਾਸ਼ਾ ਵਿਚ ਕਿਉਂ ਨਾ ਹੋਨ। ਉਹ ਕੈਵੇਂ ਇਹ ਕਰ ਸਕਦਾ ਹੈ? ਉਸਨੇ ਹੀ ਤੋਂ ਉਹ ਲੋਕਾਂ ਨੂੰ ਵੀ ਬਣਾਇਆ ਹੈ। ਹਾਂ, ਪਾਪ ਮਨੁੱਖ ਜਾਤੀ ਦੇ ਪਤਨ ਦਾ ਕਰਨ ਸੀ ਲੇਕਿਨ ਯਿਸੂ ਉਹ ਲੋਕੀਂ ਉੱਥੇ ਤਰਸ ਖਾਉਂਦਾ ਹੈ ਜਿਹਨਾ ਨੂੰ ਸਮਾਜ ਬੁਰੀ ਨਜਰ ਤੋਂ ਦੇਖਦਾ ਪਿਆ ਹੈ। ਅਸੀਂ ਇਹ ਗੱਲ ਨੂੰ ਇਸ ਕੋੜੀ ਦੀ ਘੱਟਨਾ ਵਿਚ ਦੇਖ ਸਕਦੇ ਹਾਂ।

**ਮਰਕੁਸ ੧:੪੦-੪੨** “ਇਕ ਵਾਰ, ਇਕ ਕੋੜ੍ਹੀ ਯਿਸੂ ਕੋਲ ਆਇਆ ਅਤੇ ਹੋਡੇ ਟੇਕ ਕੇ ਉਸ ਨੇ ਬੇਨਤੀ ਕੀਤੀ, ‘ਜੇਕਰ ਤੁਸੀਂ ਚਾਹੋ ਤਾਂ ਮੇਰਾ ਕੋੜ੍ਹ ਦੂਰ ਹੋ ਸਕਦਾ ਹੈ।’ ਯਿਸੂ ਨੇ ਤਰਸ ਖਾ ਕੇ ਆਪਣਾ ਹੱਥ ਅੱਗੇ ਵਧਾ ਕੇ ਉਸ ਨੂੰ ਛੂਆ ਅਤੇ ਕਿਹਾ, ‘ਮੈ ਚਾਹੁੰਦਾ ਹਾਂ ਕਿ ਤੂੰ ਠੀਕ ਹੋ ਜਾਹ।’ ਉਸੇ ਵੇਲੇ ਉਸ ਦਾ ਕੋੜ੍ਹ ਦੂਰ ਹੋ ਗਿਆ ਅਤੇ ਉਸ ਦਾ ਸਰੀਰ ਸਾਫ਼ ਹੋ ਗਿਆ।”

ਯਿਸੂ ਉਸਨੂੰ ਆਪਣੇ ਸ਼ਬਦਾ ਵੱਲੋਂ ਚੰਗਾ ਕਰ ਸਗਦਾ ਸੀ ਬਲਕਿ ਉਸਨੇ ਉਸਨੂੰ ਛੂਣ ਵੱਲੋਂ ਆਪਣੀ ਦਿੱਆ ਦਿਖਾਈ। ਅਸੀਂ ਇਹ ਭੀ ਦੇਖਦੇ ਹਾਂ ਕਿ ਕੈਵੇਂ ਉਹ ਪਾਪਿਆਂ ਦਾ ਆਦਰ ਕਰਦਾ ਸੀ। ਇਕ ਬਾਰ ਜਦੋਂ ਉਹ ਸਿਮਉਨ ਦੇ ਘਰ ਸੀ, ਆਪਣੇ ਮੇਜਬਾਨ ਨੂੰ ਅਚੰਭਿਤ ਕਰਨ ਦੇ ਲਈ ਉਸਨੇ ਇਕ ਵੇਸਵਾ ਨੂੰ ਆਪਣੇ ਪੈਰਾਂ ਨੂੰ ਧੋਨ ਅਤੇ ਉਸਦੇ ਬਾਲਾਂ ਤੋਂ

ਉਸ ਨੂੰ ਪੌਛਨ ਦਿੱਤਾ (ਲੂਕਾ 7:36-50)। ਸਮਾਜ਼ ਤੋਂ ਸਤਾਏ ਅਤੇ ਤੁਛ ਸਮਝੇ ਜਾਣ ਵਾਲੇ ਲੋਕਾਂ ਨੂੰ ਯਿਸੂ ਮਸੀਹ ਬਹੁਤ ਆਦਰ ਕਰਦਾ ਸੀ ਅਤੇ ਇਸ ਕਰਦੇ ਉਸਨੂੰ ਸਮਾਜਿਕ ਨੇਤਾਵਾਂ

ਨੇ ਪਾਪਿਆਂ ਦਾ ਮਿੱਤਰ ਦਾ ਨਾਮ ਦਿੱਤਾ ਸੀ। ਮੇਰੇ ਪੜਿਅਨ ਵਾਲਿਓ, ਕਿਨ੍ਹਾਂ ਚੰਗਾ ਲਗਦਾ ਹੈ, ਜਦੋਂ ਸਾਰੇ ਲੋਕੀਂ ਜਿਹੜੇ ਆਤਮਾ ਵੱਲੋਂ ਉਹਨਾਂ ਦੇ ਪਾਪਾਂ ਦੀ ਦਸ਼ਾ ਦੀ ਸੱਚਿਆਈ ਪਰਮੇਸ਼ਰ ਦੇ ਸਾਮਣੇ ਦੇਖਦੇਂ ਹਾਂ। ਬਹੁਤ ਸਾਰੇ ਸਮਾਜ਼ਾਂ ਵਿਚ ਏਸੇ ਲੋਕਾਂ ਦੇ ਕੋਲ ਕੋਈ ਵੀ ਆਸ ਨਹੀਂ ਹੈ। ਸਮਾਜ਼ ਉਨਾਂ ਉੱਥੇ ਪਰਮੇਸ਼ਰ ਦਾ ਸ਼੍ਰਾਪ ਸਮਝਦਾ ਹੈ। ਮੁਕਤੀਦਾਤਾ ਯਿਸੂ ਬਿਨਾ ਕਿਸੀ ਇਤਰਾਜ਼ ਤੋਂ ਹਰ ਇਕ ਦਾ ਆਦਰ ਕਰਦਾ ਹੈ। ਮਿੱਤਰੋ, ਕੇਵਲ ਜਿਹੜੇ ਖੁਦ ਨੂੰ ਬੜੇ ਧਾਰਮਿਕ ਸਮਝਦੇ ਹਾ ਉਹਾਨੂੰ ਯਿਸੂ ਸਮਾਨ ਮੁਕਤੀਦਾਤਾ ਦੀ ਲੋੜ ਨਹੀਂ ਹੈ।

ਯਿਸੂ ਨਾ ਕੇਵਲ ਸਰਿਰਕ ਅਤੇ ਨੈਤਿਕ ਰੂਪ ਤੋਂ ਸਮਾਜ਼ ਦੁਆਰਾ ਸਤਾਏ ਹੋਏ ਲੋਕੀਂ ਦਾ ਮੁਕਤੀਦਾਤਾ ਹੈ ਬਲਕੀ ਉਹ ਅਸ਼ੁਧ ਆਤਮਾ ਚੰਮੜੇ ਹੋਈ ਲੋਕਾਂ ਦਾ ਵੀ ਮੁਕਤੀਦਾਤਾ ਹੈ। ਪੱਛਮੀ ਦੇਸ਼ਾਂ ਵਿਚ ਲੋਕੀ ਅਸ਼ੁਧ ਆਤਮਾ ਵਿਚ ਵਿਸ਼ਵਾਸ ਨਹੀਂ ਕਰਦੇ ਹਾਂ, ਫਿਰ ਵਿ ਅੱਜ ਹਰ ਦਿੱਨ ਉਥੋਂ ਬਹੁਤ ਸਾਰੇ ਸ਼ੈਤਾਨੀ ਕੰਮ ਹੋਣਦੇ ਪਏ ਹਾਂ। ਸ਼ੈਤਾਨ ਅਸਲੀ ਹੈ ਅਤੇ ਉਸਦੀ ਸ਼ਕਤੀ ਬਹੁਤ ਸਾਰੇ ਲੋਕੀਂ ਨੂੰ ਆਪਣੇ ਬੰਧਨ ਵਿਚ ਰਖਦੀ ਹੈ, ਲੇਕਿਨ ਯਿਸੂ ਸ਼ੈਤਾਨ ਦੇ ਕੰਮ ਨੂੰ ਨਾਂਸ਼ ਕਰਦਾ ਅਤੇ ਆਦਮੀ ਤੇ ਔਰਤਾਂ ਨੂੰ ਉਸਦੇ ਬੰਧਨ ਦੀ ਸ਼ਕਤੀ ਤੋਂ ਛੁਟਕਾਰਾ ਦੇਣਦਾ ਹੈ। ਅਸੀਂ ਗਿਰਸੇਨੀਆਂ ਦੇ ਰਹਨ ਵਾਲੇ ਇਕ ਅਸ਼ੁਧ ਆਤਮਾ ਚੰਬੜੇ ਆਦਮੀ ਦੀ ਕਹਾਨੀ ਦਾ ਉਦਾਹਰਨਾਂ ਦੇਖਦੇ ਹਾਂ:

**ਮਰਕੁਸ ੫:੧-੧੫** "ਉਹ ਝੀਲ ਦੇ ਦੂਜੇ ਪਾਸੇ ਗਿਰਸੇਨੀਆਂ ਦੇ ਇਲਾਕੇ ਵਿਚ ਪਹੁੱਚ ਗਏ। ਯਿਸੂ ਅਜੇ ਬੇੜੀ ਵਿਚੋਂ ਬਾਹਰ ਹੀ ਆਏ ਸਨ ਕਿ ਇਕ ਆਦਮੀ ਜਿਸ ਨੂੰ ਅਸ਼ੁੱਧ ਆਤਮਾ ਚੰਬੜੀ ਹੋਈ ਸੀ, ਕੱਬਰਾਂ ਵਿਚੋਂ ਨਿਕਲ ਕੇ ਉਹਨਾਂ ਨੂੰ ਮਿਲਿਆ। 3 ਉਹ ਕੱਬਰਾਂ ਵਿਚ ਰਹਿੰਦਾ ਸੀ। ਉਸਨੂੰ ਲੋਕੀਂ ਸੰਗਲਾਂ ਦੇ ਨਾਲ ਵੀ ਨਹੀਂ ਬੰਨ੍ਹ ਸਕਦੇ ਸਨ। 4 ਕਈ ਵਾਰੀ ਉਸਨੂੰ ਬੇੜ੍ਹਆਂ ਪਾਈਆਂ ਗਈਆਂ ਅਤੇ ਸੰਗਲਾਂ ਨਾਲ ਵੀ ਬੰਨ੍ਹਿਆ

ਗਿਆ, ਪਰ ਉਸਨੇ ਹਰ ਵਾਰ ਸੰਗਲਾਂ ਨੂੰ ਤੋੜ ਦਿੱਤਾ ਅਤੇ ਬੇੜੀਆਂ ਨੂੰ ਟੋਟੇ ਟੋਟੇ ਕਰ ਦਿੱਤਾ ਸੀ। ਕਿਸੇ ਵਿਚ ਵੀ ਇੰਨੀ ਤਾਕਤ ਨਹੀਂ ਸੀ ਕਿ ਉਸਨੂੰ ਕਾਬੂ ਵਿਚ ਰੱਖ ਸੱਕੇ। 5 ਉਹ ਸਦਾ ਰਾਤ ਦਿਨ ਕੱਬਰਾਂ ਅਤੇ ਪਹਾੜਾਂ ਵਿਚ ਫਿਰਦਾ, ਚੀਕਾਂ ਮਾਰਦਾ ਅਤੇ ਆਪ ਆਪਣੇ ਨੂੰ ਪੱਥਰਾ ਨਾਲ ਜ਼ਖਮੀ ਕਰਦਾ ਰਹਿੰਦਾ ਸੀ। 6 ਉਹ ਯਿਸੂ ਨੂੰ ਦੂਰ ਤੋਂ ਹੀ ਦੇਖ ਕੇ ਦੌੜਿਆ ਅਤੇ ਆ ਕੇ ਉਹਨਾਂ ਦੇ ਪੈਰੀ ਪੈ ਕੇ ਬੋਲਿਆ, 7 "ਮਹਾਨ ਪਰਮੇਸ਼ਰ ਦੇ ਪੁੱਤਰ ਯਿਸੂ, ਤੁਹਾਡਾ ਮੇਰੇ ਨਾਲ ਕੀ ਲੈਣ ਦੇਣ ਹੈ? ਮੈਂ ਪਰਮੇਸ਼ਰ ਦਾ ਨਾਂ ਦਾ ਵਾਸਤਾ ਪਾ ਕੇ ਕਹਿੰਦਾ ਹਾਂ, ਮੈਨੂੰ ਦੁੱਖੀ ਨਾ ਕਰੋ।" 8 (ਉਸਨੇ ਇਹ ਕਿਹਾ, ਕਿਉਂਕਿ ਯਿਸੂ ਉਸ ਨੂੰ ਹੁਕਮ ਦੇ ਰਹੇ ਸਨ ਕਿ ਉਹ ਉਸ ਆਦਮੀ ਵਿਚੋਂ ਨਿਕਲ ਜਾਵੇ।) 9 ਫਿਰ ਯਿਸੂ ਨੇ ਉਸ ਤੋਂ ਪੁਛਿਆ, "ਤੇਰਾ ਨਾਂ ਕੀ ਹੈ।" ਉਸਨੇ ਉੱਤਰ ਦਿੱਤਾ, "ਲਸ਼ਕਰ, ਕਿਉਂਕਿ ਅਸੀਂ ਬਹੁਤ ਹਾਂ। 10 ਉਸਨੇ ਗਿੜ ਗਿੜਾ ਕੇ ਯਿਸੂ ਅੱਗੇ ਬੇਨਤੀ ਕੀਤੀ, ਸਾਨੂੰ ਇਸ ਇਲਾਕੇ ਵਿਚੋਂ ਬਾਹਰ ਨਾ ਘੱਲੋ!" 11 ਉਸ ਵੇਲੇ ਲਾਗੇ ਹੀ ਪਹਾੜ ਦੀ ਢਲਾਨ ਉਤੇ ਇਕ ਸੂਰਾਂ ਦਾ ਵੱਡਾ ਇੱਜੜ ਚੁੱਗ ਰਿਹਾ ਸੀ। 12 ਅਸ਼ੁੱਧ ਆਤਮਾ ਨੇ ਯਿਸੂ ਅੱਗੇ ਬੇਨਤੀ ਕੀਤੀ, "ਸਾਨੂੰ ਸੂਰਾਂ ਦੇ ਵਿਚ ਜਾਣ ਦੀ ਆਗਿਆ ਦੇ ਦਿਓ, ਤਾਂ ਜੋ ਅਸੀਂ ਉਹਨਾਂ ਵਿਚ ਜਾ ਵੜੀਏ।" 13 ਯਿਸੂ ਨੇ ਉਹਨਾਂ ਨੂੰ ਆਗਿਆ ਦੇ ਦਿੱਤੀ। ਇਸ ਲਈ ਅਸ਼ੁੱਧ ਆਤਮਾਵਾਂ ਉਸ ਆਦਮੀ ਵਿਚੋਂ ਨਿਕਲ ਕੇ ਉਹਨਾਂ ਸੂਰਾਂ ਨੂੰ ਜਾ ਚੰਬੜੀਆਂ ਅਤੇ ਉਹ ਇੱਜੜ ਜਿਹੜਾ ਕੋਈ ਦੋ ਹਜ਼ਾਰ ਦੀ ਗਿਣਤੀ ਵਿਚ ਸੀ ਢਲਾਨ ਉਤੋਂ ਝੀਲ ਵੱਲ ਨੂੰ ਦੌੜਿਆ ਅਤੇ ਉਸ ਵਿਚ ਡੁੱਬ ਕੇ ਮਰ ਗਿਆ। 14 ਇਹ ਦੇਖ ਕੇ ਚਰਵਾਹੇ ਉਥੋਂ ਦੌੜੇ ਅਤੇ ਪਿੰਡਾ ਤੇ ਨਗਰਾਂ ਵਿਚ ਜਾ ਕੇ ਇਸ ਘਟਨਾ ਬਾਰੇ ਲੋਕਾਂ ਨੂੰ ਦਸਿਆ। ਲੋਕੀਇਹ ਦੇਖਣ ਲਈ ਪਿੰਡਾਂ ਅਤੇ ਨਗਰਾਂ ਤੋਂ ਬਾਹਰ ਆਏ। 15 ਉਹ ਯਿਸੂ ਕੋਲ ਆਏ ਅਤੇ ਉਸ ਆਦਮੀ ਨੂੰ ਜਿਸਨੂੰ ਅਸ਼ੁੱਧ ਆਤਮਾਵਾਂ ਦਾ ਲਸ਼ਕਰ ਚੰਬੜਿਆ ਸੀ, ਕਪੜੇ ਪਾਏ ਹੋਏ ਅਤੇ ਹੋਸ਼ ਸੰਭਾਲੇ ਉਥੇ ਬੈਠੇ ਦੇਖਿਆ। ਲੋਕ ਬਹੁਤ ਡਰ ਗਏ।"

ਯਿਸੂ ਹਰ ਪ੍ਰਕਾਰ ਦੀ ਬਿਮਾਰੀ ਦੀ ਪੀੜ ਵਿਚ ਪੜ੍ਹੇ ਲੋਕੀਂ ਦੀ ਸੇਵਾ ਕਰਦਾ ਸੀ ਅਤੇ ਉਹ ਇਹ ਅੱਜ ਵੀ ਕਰਦਾ ਹੈ। ਅਸੀਂ ਮੱਤੀ ਦੇ ਸੁਸਮਾਚਾਰ ਵਿਚ ਪੜ੍ਹਿਆ, 'ਕਿ ਯਿਸੂ ਸਾਰੇ ਗਲੀਲ ਵਿਚ ਗਿਆ ਅਤੇ

ਉਹਨਾਂ ਦੇ ਮੰਦਿਰਾਂ ਵਿਚ ਪਰਮੇਸ਼ਰ ਦੇ ਰਾਜ ਕੀ ਸਿਖਿਆ ਦੇਂਦਾ ਅਤੇ ਲੋਕਾਂ ਨੂੰ ਹਰ ਪ੍ਰਕਾਰ ਦੀ ਬਿਮਾਰੀਆਂ ਤੋਂ ਚੰਗਾ ਕਰਦਾ ਪਿਆ (ਮੱਤੀ 4:23)। ਇਹ ਚੰਗਾਇਆਂ ਇਹ ਸਿਧ ਕਰਦੀ ਪਈ ਹਾਂ ਕਿ ਉਹ ਸਾਡੇ ਸ਼ਰੀਰਾਂ ਦੇ ਨਾਲ ਸਾਡੀ ਆਤਮਾਵਾਂ ਦਾ ਵੀ ਮੁਕਤੀਦਾਤਾ ਹੈ। ਇੱਕ ਦਿੱਨ ਉਹ ਸਾਡੇ ਨਾਸ਼ਵਰ ਸ਼ਰੀਰਾਂ ਨੂੰ ਫਿਰ ਜਿਲਾਉਗਾ ਅਤੇ ਸਾਡੇ ਸ਼ਰੀਰ ਫਿਰ ਸੰਪੂਰਣ ਸ਼ਰੀਰ ਹੋਉਂਗੇ। ਕੁਝ ਧਰਮਾਂ ਵਿਚ ਬਿਮਾਰਿਆਂ ਮਨੁੱਖ ਦੇ ਪਿਛਲੇ ਜਨਮ ਵਿਚ ਕੀਤੇ ਬੁਰੇ ਕੰਮਾ ਦਾ ਪਰਿਣਾਮ ਹੈ ਅਤੇ ਇਹ ਮਾਨਨਾਂ ਬਿਮਾਰ ਵਿਅਕਤੀ ਨੂੰ ਕੋਈ ਆਸ਼ਾ ਨਹੀਂ ਦੇਣਦਾ ਹੈ ਬਲਕੀ ਉਸਨੂੰ ਸਮਾਜ ਦੇ ਲੋਕੀ ਤਿਆਗ ਦੇਣਦੇ ਹਨ। ਸਾਡੇ ਪ੍ਰਭੂ ਨੇ ਬੀਮਾਰਾਂ ਨੂੰ ਅਰਾਮ ਦੇਨ ਲਈ ਚੰਗਾਈ ਦੇ ਸਾਰੇ ਤਰੀਕੇ ਨੂੰ ਇਸਤੇਮਾਲ ਕੀਤਾ ਅਤੇ ਪ੍ਰਭੂ ਨੇ ਉਸਦੇ ਚੇਲੇਆ ਨੂੰ ਵੀ, ਬਿਮਾਰਾਂ ਦੀ ਪੀੜ ਨੂੰ ਕਮ ਰਨ ਵਿਚ ਮਦਦ ਕਰਨਾ ਸਿਖਾਇਆ। ਇਹ ਸਾਡੇ ਪ੍ਰਭੂ ਦਾ ਕੋਡੀਆਂ ਨੂੰ ਛੂਅਨ ਦਾ ਹੀ ਉਦਾਹਰਨ ਸੀ ਕੀ ਫ਼ਾਦਰ ਡਾਮਿਨ ਨੂੰ ਕੋਡੀਆਂ ਦੀ ਸੇਵਾ ਲਈ ਮੋਲੋਕਾਈ ਦੀਪ ਵਿਚ ਜਾਣ ਲਈ ਪ੍ਰੇਰਿਤ ਕੀਤਾ ਸੀ। ਉਸਨੇ ਉਥੋਂ ਸਾਫ਼ ਪਾਣੀ ਕਰਨ ਅਤੇ ਚਰਚ ਘਰ ਬਣਾਉਣ ਵਿਚ ਉਹ ਲੋਕਾਂ ਦੀ ਸੇਵਾ ਕੀਤੀ। ਉਹ ਉਹਨਾਂ ਦਾ ਸੱਚਾ ਮਿੱਤਰ ਸੀ। ਜੱਾਣ ਸਟੋਟ ਸਾਨੂੰ ਬਤਾਓਂਦਾ ਹੈ ਕੀ ਕੈਸੇ ਉਸਦੀ ਸੇਵਾ ਸਮਾਪਤ ਹੋਈ। ਇਹ ਸੇਵਾ ਸੋਲਾਹ ਸਾਲ ਲਗਾਤਾਰ ਜਾਰੀ ਰਹੀ, 1885 ਕੀ ਇਕ ਰਵਿਵਾਰ ਦੀ ਸੁਬਹ ਕਲੀਸਿਆ ਦੰਗ ਰਹ ਗਈ ਜਬ ਉਸਨੇ ਆਪਣਾ ਸੰਦੇਸ਼ "ਅਸੀਂ ਕੋਡੀ" ਦੇ ਸ਼ਬਦਾਂ ਨਾਲ ਸ਼ੁਰੂ ਕੀਤਾ... ਸੰਦੇਸ਼ ਵਿਚ ਇਹ ਬਤਾਤੇ ਹੋਏ ਕੀ ਉਸਨੂੰ ਵਿ ਉਹ ਕੋਡ ਲਗ ਗਿਆ। ਅਤੇ 1889 ਵਿਚ ਉਹ ਦੀ ਮੌਤ ਹੋ ਗਈ।5

# 9

# ਯਿਸੂ ਬੱਚਿਆਂ ਅਤੇ ਔਰਤਾਂ ਦਾ ਮੁਕਤੀਦਾਤਾ

ਬਾਇਬਲ ਦੱਸਦੀ ਹੈ ਕੀ ਆਦਮੀ ਅਤੇ ਔਰਤ ਪਰਮੇਸ਼ਰ ਦੇ ਰੂਪ ਵਿਚ ਬਣਾਏ ਗਏ ਸੀ (ਉਤੱਪਤ 1:26)।

**ਉਤਪਤ ੧:੨੬-੨੮** "ਅੰਤ ਵਿਚ ਪਰਮੇਸ਼ਰ ਨੇ ਕਿਹਾ, "ਹੁਣ ਅਸੀਂ ਮਨੁੱਖ ਨੂੰ ਆਪਣੇ ਸਰੂਪ ਅਤੇ ਆਪਣੇ ਵਰਗਾ ਬਣਾਵਾਂਗੇ। ਮਨੁੱਖ ਧਰਤੀ ਤੋ ਸਮੁੰਦਰ ਦੀਆਂ ਮੱਛੀਆਂ, ਹਵਾ ਦੇ ਪੰਛੀਆਂ, ਪਸ਼ੂਆਂ ਅਤੇ ਪੇਟ ਦੇ ਭਾਰ ਚਲਨ ਵਾਲੇ ਸਭ ਜੀਵਾਂ ਉਤੇ ਰਾਜ ਕਰੇਗਾ। 27 ਸੋ ਪਰਮੇਸ਼ਰ ਨੇ ਮਨੁੱਖ ਨੂੰ ਆਪਣੇ ਸਰੂਪ ਉਤੇ ਬਣਾਇਆ। ਉਸ ਨੇ ਮਨੁੱਖ ਨੇ ਮਨੁੱਖ ਨੂੰ ਆਪਣੇ ਸਰੂਪ ਉਤੇ ਆਦਮੀ ਤੇ ਔਰਤ ਬਣਾਇਆ। 28 ਪਰਮੇਸ਼ਰ ਨੇ ਉਹਨਾਂ ਨੂੰ ਇਹ ਕਹਿ ਕੇ ਅਸੀਸ ਦਿੱਤੀ, "ਵੱਧੋ, ਫੂਲੋ ਅਤੇ ਸਾਰੀ ਧਰਤੀ ਨੂੰ ਭਰ ਦੇਵੋ ਅਤੇ ਇਸ ਨੂੰ ਆਪਣੇ ਅਧਿਕਾਰ ਹੇਠ ਕਰ ਲਵੋ। ਤੁਸੀਂ ਸਮੁੰਦਰ ਦੀਆਂ ਮੱਛੀਆਂ, ਹਵਾ ਦੇ ਪੰਛੀਆਂ, ਅਤੇ ਧਰਤੀ ਉਤੇ ਰਹਿ ਰਹੇ ਹਰ ਪ੍ਰਾਣੀ ਨੂੰ ਆਪਣੇ ਅਧਿਕਾਰ ਹੇਠ ਲੈ ਲਵੋਂ।"

ਪੂਰਾਨੇ ਸਮੇਂ ਵਿਚ ਔਰਤਾਂ ਨੂੰ ਨੀਚ ਜਾਣਿਆ ਜਾਣਦਾ ਸੀ। ਇਹ ਸੱਚ ਹੈ ਕੀ ਅੱਜ ਵੀ ਬਹੁਤ ਸਾਰੇ ਸਭਿਆਚਾਰ ਵਿਚ ਔਰਤਾਂ ਨੂੰ ਕਮਜ਼ੋਰ, ਉਹਨਾ ਦੇ ਨਾਲ ਅਨੁਚਿਤ ਵਿਹਾਰ ਅਤੇ ਉਹਨਾ ਨੂੰ ਉਹਨਾ ਦੇ ਘਰ ਵਾਲੇ ਦੀ ਜਾਇਜਾਦ ਸਮਝਾ ਜਾਣਦਾ ਹੈ। ਕੁਝ ਸਭਿਆਚਾਰ ਵਿਚ ਬਹੁਪਤਨੀ ਪ੍ਰਥਾ (ਇਕ ਆਦਮੀ ਦੀ ਇਕ ਤੋਂ ਜਾਦਾ ਘਰ ਵਾਲੀਆਂ) ਅੱਜ ਭੀ ਪਾਈ ਜਾਣਦੀ ਹੈ ਬਲਕਿ ਔਰਤ ਏਸਾ ਕਰੇ ਤਾ ਉਹ ਦੇ ਲਈ ਇਹ

ਇਕ ਅਪਰਾਧ ਹੈ। ਕੁਝ ਸਭਿਆਚਾਰਾਂ ਵਿਚ, ਜਦੀ ਔਰਤਾਂ ਨੂੰ ਲੜਕਾ ਨਾ ਹੋਈ ਤਾ ਉਸਨੂੰ ਬਹੁਤ ਸਤਾਇਆ ਜਾਣਦਾ ਤੇ ਉਸਨੂੰ ਤਲਾਕ ਵਿ ਦੇ ਦਿੰਦਾ ਜਾਣਦਾ ਹੈ। ਇਹ ਅੱਜ ਵੀ ਹੋਣਦਾ ਹੈ, ਜਦੋਂ ਕੀ ਇਹ ਅਚਛੀ ਤਰਹਾ ਜਾਣਾ ਜਾਂਦਾ ਹੈ ਕੀ ਮੁੰਡਾ ਜਾਂ ਕੁੜੀ ਦੇ ਲਿੰਗ ਦਾ ਫ਼ੈਸਲਾ ਆਦਮੀ ਵੱਲੋਂ ਹੋਣਦਾ ਹੈ ਨਾ ਕੀ ਔਰਤ ਦੇ।ਕੁਝ ਸਮੇਂ ਪਹਲੇ ਭਾਰਤ ਵਿਚ ਵਿਧਵਾ ਨੂੰ ਉਸਕੇ ਮਰੇ ਪਤੀ ਦੀ ਚਿੱਤਾ ਉਤੇ ਜਿੰਦਾ ਜਲਾਇਆ ਜੰਦਾ ਸੀ ਕਿਉਂਕਿ ਔਰਤਾਂ ਨੂੰ ਇਕ ਅਜਾਦ ਵਿਅਕਤੀ ਨਹੀਂ ਮਾਣਾ ਜਾਣਦਾ ਸੀ, ਉਸਦੀ ਪਛਾਣ ਕੇਵਲ ਉਸਦੇ ਪਤੀ ਤੋਂ ਹੋਣਦੀ ਸੀ। ਸਾਡੇ ਪ੍ਰਭੂ ਦਾ ਵਿਚਾਰ ਔਰਤਾਂ ਦੇ ਲਈ ਬਹੁਤ ਵਖਰਾ ਹੈ ਅਤੇ ਉਸਦੇ ਦਿਲ ਵਿਚ ਉਹਨਾਂ ਦੇ ਲਈ ਆਦਰ ਤੇ ਸੰਮਾਣ ਹੈ। ਅਸੀਂ ਦੇਖ ਸਕਦੇ ਹਾਂ ਕੀ ਕਿੰਨੀ ਬਾਰੀ ਯਿਸੂ ਨੂੰ ਮਰਿਅਮ ਅਤੇ ਮਾਰਥਾਂ ਦੇ ਘਰ ਰੂਕਨ ਦੀ ਜਗਹ ਮਿਲੀ ਸੀ ਅਤੇ ਔਰਤਾਂ ਉਸਤੋਂ ਸਿਖਦੀਂ ਸੀ। ਯਿਸੂ ਦੇ ਦਿਲ ਵਿਚ ਨਾਈਨ ਨਗਰ ਦੀ ਵਿਧਵਾ ਔਰਤ ਦੇ ਲਈ ਤਰਸ ਸੀ ਜਿਸ ਦਾ ਇਕਲੌਤਾ ਪੁੱਤਰ ਮਰ ਗਿਆ ਸੀ ਅਤੇ ਯਿਸੂ ਨੇ ਉਸਨੂੰ ਫਿਰ ਜਿਨਦਾਂ ਕਰ ਦਿੱਤਾ ਸੀ (ਲੂਕਾ 7:11-17)। ਜਦੋਂ ਇਕ ਵਿਭਚਾਰ ਵਿਚ ਫੜੀ ਗਈ ਔਰਤ ਨੂੰ ਪ੍ਰਭੂ ਕੋਲ ਲਾਇਆ ਗਿਆ ਤਦ ਅਸੀਂ ਪ੍ਰਭੂ ਦੀ ਤਰਸ ਨੂੰ ਉਸ ਔਰਤ ਪਰ ਵੀ ਦੇਖ ਸਕਦੇ ਹਾਂ।

**ਯੂਹੰਨਾ ੮:੧-੧੧** "ਪਰ ਯਿਸੂ ਜੈਤੂਨ ਦੇ ਪਹਾੜ ਵੱਲ ਚਲੇ ਗਏ। 2 ਅਗਲੇ ਦਿਨ ਸਵੇਰੇ ਹੀ, ਫਿਰ ਉਹ ਮੰਦਰ ਵਿਚ ਗਏ। ਸਾਰੇ ਲੋਕੀਂ ਉਹਨਾਂ ਕੋਲ ਇਕੱਠੇ ਹੋ ਗਏ ਅਤੇ ਉਹ ਉਹਨਾਂ ਨੂੰ ਬੈਠ ਕੇ ਸਿਖਿਆ ਦੇਣ ਲਗੇ। 3 ਧਰਮ ਗ੍ਰੰਥੀ ਅਤੇ ਫ਼ਰੀਸੀ ਇਕ ਔਰਤ ਨੂੰ ਲਿਆਏ, ਜੋ ਵਿਭਚਾਰ ਕਰਦੀ ਫੜੀ ਗਈ ਸੀ। ਉਹ ਉਸ ਔਰਤ ਨੂੰ ਵਿਚਕਾਰ ਖੜਾ ਕਰਕੇ ਬੋਲੇ, 4 "ਗੁਰੁ ਜੀ, ਇਹ ਔਰਤ ਵਿਭਚਾਰ ਕਰਦੀ ਫੜੀ ਗਈ ਹੈ। 5 ਸਾਡੀ ਵਿਵਸਥਾ ਵਿਚ ਮੂਸਾ ਨੇ ਸਾਨੂੰ ਆਗਿਆ ਦਿੱਤੀ ਹੈ। ਕਿ ਇਹੋ ਜਿਹੀਆਂ ਔਰਤਾਂ ਨੂੰ ਪਥਰਾਉ ਕਰਕੇ ਮਾਰ ਦਿੱਤਾ ਜਾਵੇ। ਪਰ ਤੁਸੀਂ ਕੀ ਕਹਿੰਦੇ ਹੋ।" 6 ਇਹ ਉਹਨਾਂ ਨੇ ਯਿਸੂ ਨੂੰ ਪਰਖਣ ਵਾਸਤੇ ਕਿਹਾ ਕਿ ਉਹ ਯਿਸੂ ਉਤੇ ਕੋਈ ਦੋਸ਼ ਲਾ ਸਕਣ। ਪਰ ਯਿਸੂ ਝੁਕ ਕੇ ਉਂਗਲੀ ਨਾਲ ਜ਼ਮੀਨ ਉਤੇ ਕੁਝ ਲਿਖਣ ਲਗੇ। 7 ਪਰ ਜਦੋਂ ਉਹ ਲੋਕੀਂ, ਉਥੇ ਖੜੇ ਯਿਸੂ ਤੋਂ ਪੁੱਛਦੇ ਹੀ ਰਹੇ, ਤਾਂ ਉਹਨਾਂ ਨੇ ਆਪਣਾ ਸਿਰ ਉਤਾਂਹ

ਚੁੱਕ ਕੇ ਉਹਨਾਂ ਨੇ ਆਪਣਾ ਸਿਰ ਉਤਾਂਹ ਚੁੱਕ ਕੇ ਉਹਨਾਂ ਧਰਮ ਗ੍ਰੰਥੀਆਂ ਅਤੇ ਫ਼ਰੀਸੀਆਂ ਨੂੰ ਕਿਹਾ, "ਤੁਹਾਡੇ ਵਿਚੋਂ ਜੋ ਕੋਈ ਵੀ ਬਿਨਾ ਪਾਪ ਦੇ ਹੈ, ਉਹ ਹੀ ਪਹਿਲਾਂ ਪੱਥਰ ਇਸ ਨੂੰ ਮਾਰੇ।" 8 ਇਹ ਕਹਿ ਕੇ ਉਹ ਫਿਰ ਝੁਕ ਕੇ ਜਮੀਨ ਉਤੇ ਲਿਖਣ ਲਗੇ। 9 ਜਦੋਂ ਉਹਨਾਂ ਨੇ ਇਹ ਸੁਣਿਆ ਤਾਂ ਉਹ ਵਡਿਆਂ ਤੋਂ ਸ਼ੁਰੂ ਕਰਕੇ ਛੋਟਿਆਂ ਤਕ, ਸਾਰੇ ਇਕ ਇਕ ਕਰਕੇ ਉਥੋਂ ਖਿਸਕ ਗਏ। ਕੇਵਲ ਯਿਸੂ ਅਤੇ ਉਹ ਔਰਤ ਜੋ ਵਿਚਕਾਰ ਸੀ, ਉਥੇ ਰਹਿ ਗਏ। 10 ਯਿਸੂ ਨੇ ਫਿਰ ਆਪਣਾ ਸਿਰ ਉਤਾਂਹ ਚੁੱਕਿਆ ਅਤੇ ਉਸ ਔਰਤ ਨੂੰ ਕਿਹਾ, "ਬੀਬੀ, ਉਹ ਕਿਥੇ ਹਨ? ਕੀ ਕਿਸੇ ਨੇ ਵੀ ਤੈਨੂੰ ਅਪਰਾਧੀ ਨਹੀਂ ਠਹਿਰਾਇਆ?" ਉਸ ਔਰਤ ਨੇ ਉੱਤਰ ਦਿੱਤਾ, 11 "ਪ੍ਰਭੂ ਜੀ, ਕਿਸੇ ਨੇ ਨਹੀਂ।" ਯਿਸੂ ਨੇ ਕਿਹਾ, "ਮੈਂ ਵੀ ਤੈਨੂੰ ਅਪਰਾਧੀ ਨਹੀਂ ਠਹਿਰਉਂਦਾ, ਜਾ, ਅੱਗੋਂ ਤੋਂ ਫਿਰ ਪਾਪ ਨਾ ਕਰੀਂ।"

ਯਿਸੂ ਔਰਤਾਂ ਦਾ ਮੁਕਤੀਦਾਤਾ ਹੈ ਵੈਸੇ ਹੀ ਉਹ ਆਦਮਿਆਂ ਦਾ ਵੀ। ਜਿਹੜੇ ਕਿਸੀ ਵੀ ਪਾਪ ਤੋਂ ਤੁਹਾਨੂੰ ਛੁਟਕਾਰਾ ਮਿਲਿਆ ਤੁਸੀਂ ਇਹ ਜਾਣ ਰਖੋ ਕੀ ਯਿਸੂ ਤੁਹਾਨੂੰ ਅਨੰਤਕਾਲ ਦਾ ਪਿਆਰ ਕਰਦਾ ਹੈ। ਉਹ ਨੇ ਨਾ ਕੇਵਲ ਆਪਣੀ ਜਾਣ ਆਦਮੀਆਂ ਦੇ ਲਈ ਦੀ ਬਲਕਿ ਔਰਤਾਂ ਦੇ ਲਈ ਵੀ। ਦੋਨੋ ਆਦਮੀ ਤੇ ਔਰਤਾ ਉਸਦੇ ਪਿਛੋਂ ਚਲਦੇ ਪਏ ਸੀ। ਔਰਤਾਂ ਉਸਦੀ ਸੂਲੀ ਤਲੇ ਗਈਆਂ ਸੀ ਅਤੇ ਬੜੇ ਸਬੇਰੇ ਉਸਦੀ ਕਬਰ ਪੇ ਉਸਦੇ ਸਰੀਰ ਨੂੰ ਅਭਿਸ਼ੇਕ ਕਰਨ ਦੇ ਲਈ ਗਈ ਸੀ। ਯਿਸੂ ਮੁਕਤੀਦਾਤਾ ਹੈ ਉਹ ਉਹਨਾਂ ਦੀ ਮਾਣ ਮਰਿਆਦਾ ਨੂੰ ਫਿਰ ਤੋਂ ਲੌਟਾ ਦੇਂਦਾ ਹੈ। ਉਹ ਸਬਤੋਂ ਪਹਿਲਾਂ ਜੀ ਉਠਣ ਦੇ ਪਿਛੋਂ ਇਕ ਔਰਤ ਨੂੰ ਮਿਲਿਆ ਸੀ (ਲੂਕ 23:49, 55-56; 24:1)।

ਵੈਸੇ ਹੀ ਅੱਜ ਜੈਸੇ ਪਹਿਲੇ ਸੀ, ਬਹੁਤ ਸਾਰੇ ਬੱਚਿਆਂ ਨੂੰ ਰਹਿਣ ਲਈ ਘਰ, ਕਪੜ੍ਹਾ ਅਤੇ ਖਾਣ ਲਈ ਰੋਟੀ ਨਹੀਂ ਕਿਉਂਕ ਉਨਹਾਂ ਦੇ ਮਾਤਾ ਪਿਤਾ ਉਹਨਾ ਨੂੰ ਚਾਉਂਦੇ ਨਹੀਂ ਹਨ। ਪਚਿਮੀ ਸਭਿਅਤਾ ਵਿਚ ਲਖਾਂ ਤੇ ਕਾਰੋੜਾਂ ਬੱਚਿਆਂ ਨੂੰ ਪੈਦਾ ਹੋਣ ਤੋਂ ਪਹਲਾਂ ਹੀ ਜਾਣ ਤੋਂ ਮਾਰ ਦਿੱਤਾ ਜਾਣਦਾ ਹੈ, ਕਿਉਂਕਿ ਉਹ ਬੱਚਿਆਂ ਪਚਿਮੀ ਦੇਸ਼ਾਂ ਦੀ ਸਭਿਅਤਾ ਵਿਚ ਰੁਕਾਵਟ ਅਤੇ ਕਸ਼ਟ-ਦਾਇਕ ਹਨ। ਯਿਸੂ ਆਪਣੇ ਚੇਲਿਆਂ ਨੂੰ ਗੁੱਸਾ ਹੋਇਆ ਜਦੋਂ ਉਹ ਬੱਚਿਆਂ ਨੂੰ ਉਸਦੇ ਕੋਲ ਆਉਣ ਤੋਂ ਰੋਕਦੇ ਸੀ, ਯਿਸੂ

ਨੇ ਉਹ ਬੱਚਿਆਂ ਨੂੰ ਪਿਆਰ ਕਿੱਤਾ, ਉਹਨਾਂ ਨੂੰ ਆਦਰ ਦਿੱਤਾ ਅਤੇ ਗੋਦੀ ਉਤੇ ਬਿੱਠਾ ਕੇ ਉਹਨਾ ਨੂੰ ਆਸੀਸ ਦਿੱਤੀ।

**ਲੂਕਾ ੧੮:੧੫-੧੭** "ਕੁਝ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਪ੍ਰਭੂ ਯਿਸੂ ਕੋਲ ਲਿਆਉਣ ਲਗੇ ਕਿ ਉਹ ਬਚਿਆਂ ਦੇ ਸਿਰਾਂ ਉਤੇ ਹੱਥ ਰੱਖ ਕੇ ਉਹਨਾਂ ਨੂੰ ਆਸ਼ੀਰਵਾਦ ਦੇਣ। ਚੇਲੇ ਇਹ ਦੇਖ ਕੇ ਬੱਚਿਆਂ ਦੇ ਮਾਤਾ ਪਿਤਾ ਨੂੰ ਝਿੜਕਣ ਲਗੇ। 16 ਪਰ ਯਿਸੂ ਨੇ ਬੱਚਿਆਂ ਨੂੰ ਆਪਣੇ ਕੋਲ ਸਦਿਆ ਅਤੇ ਆਪਣੇ ਚਲਿਆਂ ਨੂੰ ਕਿਹਾ, "ਬੱਚਿਆਂ ਨੂੰ ਮੇਰੇ ਕੋਲ ਆਉਣ ਦਿਓ। ਇਹਨਾਂ ਨੂੰ ਨਾ ਰੋਕ, ਕਿਉਂਕਿ ਪਰਮੇਸ਼ਰ ਦਾ ਰਾਜ ਇਹਨਾਂ ਬੱਚਿਆਂ ਵਰਗੇ ਲੋਕਾਂ ਦਾ ਹੀ ਹੈ। 17 ਸੱਚ ਜਾਣੋ, ਜੋ ਕੋਈ ਪਰਮੇਸ਼ਰ ਦੇ ਰਾਜ ਨੂੰ ਇਕ ਬੱਚੇ ਦੀ ਤਰ੍ਹਾਂ ਸਵੀਕਾਰ ਨਹੀਂ ਕਰਦਾ, ਉਹ ਉਸ ਵਿਚ ਦਾਖਲ ਨਹੀਂ ਹੋ ਸਕਦਾ।"

# 10

# ਯਿਸੂ ਮਜਦੂਰੀ ਮੇਹਣਤ ਕਰਨ ਵਾਲੇ ਲੋਕਾਂ ਦਾ ਵੀ ਮੁਕਤੀਦਾਤਾ ਹੈ

ਦੁਨਿਆਂ ਦੇ ਸਬਸੇ ਬੱਡੇ ਧਰਮਾਂ ਦੇ ਗੁਰੁ ਯਾ ਤੋ ਰਈਸ ਪਰਵਾਰ ਤੋਂ ਆਏ ਯਾ ਤੋ ਉਹ ਲੋਕੀਂ ਫ਼ੌਜੀ ਹੋਏ ਯਾ ਏਸੇ ਲੋਕੀਂ ਜਿਹਨਾ ਨੇ ਸੰਸਾਰ ਛੋੜ ਕਰ ਜੰਗਲਾਂ ਵਿਚ ਗਿਆਨ ਦੀ ਖੋਜ਼ ਲਈ ਚਲ ਗਏ ਸੀ। ਯਿਸੂ ਇਕੋ ਹੀ ਹੈ ਜਿਹੜਾ ਸਾਡੇ ਵਿਚ ਰਹਨ ਦੇ ਲਈ ਅਤੇ ਆਪਣੀ ਜਾਣ ਪਾਪਿਆਂ ਦੇ ਲਈ ਦੇਣ ਆਇਆ ਸੀ। ਇਸ ਦੁਨਿਆਂ ਵਿਚ ਬਹੁਤ ਬਾਰੀ ਕੰਮ ਆਮਦਨੀ ਵਾਲੇ ਲੋਕਾਂ ਜਾਦਾ ਆਮਦਨੀ ਵਾਲੇ ਲੋਕਾਂ ਦੁਆਰਾ ਸਤਾਏ ਜਾਣਦੇ ਹਾਂ। ਰਇਸ ਅਤੇ ਧਨੀਂ ਲੋਕੀਂ ਹਮੇਸ਼ਾ ਮਜਦੂਰ ਆਦਮੀ ਨੂੰ ਘ੍ਰਣਾ ਅਤੇ ਉਹਨਾਂ ਦੇ ਨਾਲ ਬੁਰਾ ਵਰਤਾਓ ਕਰਦੇ ਹਾਂ। ਯਿਸੂ ਮਸੀਹ ਕੋਈ ਰਾਜਨੇਤਾ ਅਤੇ ਮਹਾਸਭਾ (ਸਨਹੇਦਰਿਨ) ਦਾ ਸਦੱਸ ਨਹੀਂ ਸੀ ਬਲਕੀ ਉਹ ਨਾਸਰਤ ਨਗਰ ਦਾ ਇਕ ਤਰਖ਼ਾਣ ਸੀ (ਮੱਤੀ 13:55; ਮਰਕੁਸ 6:3)। ਉਹ ਉਸਦੇ ਗੋਦ ਲਿਆ ਹੋਇਆ ਪਿੱਤਾ ਯੁਸਫ ਦਾ ਵਿਦਿਆਰਥੀ ਸੀ। ਯੂਸਫ ਦੇ ਮਰ ਜਾਣ ਤੋਂ ਬਾਦ ਉਹ ਆਪਣੇ ਪਰਿਵਾਰ ਦੀ ਪਰਵਰਿਸ਼ ਅਤੇ ਉਹਨਾਂ ਦੀ ਜਰੂਰਤਾਂ ਪੂਰੀ ਕਰਦਾ ਸੀ। ਰੋਮ ਅਤੇ ਯੂਨਾਨੀ ਮਜਦੂਰਾਂ ਨੂੰ ਨੀਚਾ ਸਮਝਦੇ ਸੀ ਅਤੇ ਸਾਡੇ ਮੁਕਤੀਦਾਤਾ ਨੇ ਮਜਦੂਰ ਬਨਕੇ ਦੁਨਿਆ ਦੇ ਸਾਰੇ ਮਜਦੂਰਾਂ ਦਾ ਸਮਮਾਨ ਕੀਤਾ।

ਜੱਾਨ ਸਟੋਟ, ਜੇਮਸ ਸਟਾਕਰ ਦੀ ਲਿਖਾਈ ਦਾ ਹਵਾਲਾ ਦੇਣਦਾ ਹੈ, ਤਰਖਾਨ ਹੋਨੇ ਕੇ ਨਾਤੇ ਯੀਸੂ ਮੇਹਨਤ ਮਜਦੂਰੀ ਕਰਨ ਵਾਲੇ ਲੋਕੀਂ ਦੀ ਮਹਨਤ ਉਤੇ ਸੰਮਾਣ ਦੀ ਅਨੰਤਕਾਲ ਦੀ ਮੁਹਰ ਲਗਾਉਂਦਾ ਹੈ।6

ਕੁਝ ਪ੍ਰਚੀਨ ਧਰਮਾਂ ਵਿਚ ਧਰਮ ਦਾ ਬੁੱਧੀਮਾਨ ਹੋਣ ਲਈ ਰੁਕਾਵਟ ਸੀ ਅਤੇ ਧਰਮ ਦੀ ਧਾਰਮਿਕ ਸਿਖਿਆਵਾਂ ਇਕ ਵਿਸੇਸ ਜਾਤੀ ਦੇ ਲਈ ਹੀ ਸੀਮਿਤ ਸੀ। ਲੇਕਿਨ ਮਸੀਹ ਯਿਸੂ ਹਰ ਧਰਮ ਅਤੇ ਜਾਤ ਦੇ ਆਦਮੀ, ਔਰਤ ਅਤੇ ਬੱਚਿਆਂ ਨੂੰ ਮੁਕਤੀ ਦੇਨ ਲਈ ਆਇਆ। ਉਹ ਦੀ ਪਹਚਾਣ ਉਹਨਾ ਦੇ ਕੰਮਾ ਵਿਚ ਵੀ ਹੋਂਦੀ ਸੀ ਕਿਉਂਕਿ ਉਹ ਨੇ ਤਰਖ਼ਾਣ ਦਾ ਕੰਮ ਚੁਨਿਆ ਸੀ। ਬਹੁਤ ਲੋਕੀ ਲੋਕਾਂ ਦੇ ਕੰਮਾਂ ਅਨੁਸਾਰ ਲੋਕਾਂ ਨਾਲ ਵਿਵਹਾਰ ਕਰਦੇ ਹਾ। ਇਕ ਮਜਦੂਰ ਨੂੰ ਆਪਣਾ ਕੰਮ ਬਤਾਉਣ ਲਈ ਸ਼ਰਮ ਆਉਂਦੀ ਹੈ ਜਿਥੇ ਲੋਕੀਂ ਉਹਨਾਂ ਦੇ ਬੜੇ ਪਦਾਂ ਵਿਚ ਕੰਮਾ ਬਾਰੇ ਘਮੰਡ ਨਾਲ ਗੱਲਾਂ ਕਰਦੇ ਹਾਂ। ਮਜਦੂਰਾਂ ਨੂੰ ਸ਼ਰਮ ਕਰਨ ਦੀ ਲੌੜ ਨਹੀਂ ਹੈਂ ਕਿਉਂਕਿ ਮਸੀਹ ਯਿਸੂ ਵੀ ਇਕ ਤਰਥਾਣ ਸੀ। ਸੁਸਮਾਚਾਰ ਸਭ ਲੋਕੀਂ ਨੂੰ ਬੁਲਾਉਂਦਾ ਹੈ
ਪਰ ਕੁਝ ਲੋਕੀਂ ਆਪਣੇ ਆਪ ਨੂੰ ਬੜਾ ਮਹਾਤਵਪੂਰਨ ਸਮਝਦੇ ਹਾਂ, ਅਤੇ ਏਸੀ ਲੋਕੀਂ ਸੁਸਮਾਚਾਰ ਵਿਚ ਆਪਣੀ ਮੁਕਤੀ ਦੀ ਲੋਡ ਨਹੀਂ ਲਭਦੇ ਹਾਂ। ਪ੍ਰੇਰਿਤ ਪੌਲੂਸ ਨੂੰ ਸੁਣੋਂ, ਇਹ ਲੋਕੋ ਜੈਸੇ ਸੁਸਮਾਚਾਰ ਤੁਹਾਡੇ ਕੋਲ ਪਹੁੱਚੇ ਅਤੇ ਇਸ ਦਾ ਫ਼ਾਯਦਾ ਤੁਸੀਂ ਉੱਠਾਓ:

**੧ਕੁਰਿੰਥੁਸ ੧:੨੬-੨੯** "ਹੇ ਭਰਾਵੋ, ਤੁਸੀਂ ਜ਼ਰਾ ਆਪਣੇ ਬਾਰੇ ਸੋਚੋ ਕਿ ਸੱਦੇ ਜਾਣ ਤੋਂ ਪਹਿਲਾਂ ਤੁਸੀਂ ਕੀ ਸਾਉ। ਤੁਹਾਡੇ ਵਿਚੋਂ ਬਹੁਤ ਥੋੜੇ ਸਨ, ਜੋ ਸੰਸਾਰਕ ਤੌਰ ਤੇ ਬੁੱਧੀਮਾਨ ਜਾਂ ਸ਼ਕਤੀਮਾਨ, ਜਾਂ ਉਚੇ ਟੱਬਰ ਨਾਲ ਸੰਬੰਧ ਰੱਖਦੇ ਸਨ। 27 ਪਰ ਪਰਮੇਸ਼ਰ ਨੇ ਮੂਰਖਾਂ ਨੂੰ ਚੁਣ ਲਿਆ ਕਿ ਉਹ ਅਕਲਮੰਦਾਂ ਨੂੰ ਸ਼ਰਮਿੰਦਾ ਕਰੇ। ਇਸੇ ਤਰ੍ਹਾਂ ਉਸ ਨੇ ਕਮਜ਼ੋਰਾਂ ਨੂੰ ਚੁਣ ਲਿਆ ਕਿ ਉਹ ਤਾਕਤਵਰਾਂ ਨੂੰ ਸ਼ਰਮਿੰਦਾ ਕਰਨ। 28 ਇਸ ਲਈ ਪਰਮੇਸ਼ਰ ਨੇ ਇਹ ਸਭ ਚੁਨਿਆ, ਜਿਸ ਨੂੰ ਸੰਸਾਰ ਨਿਗੁਣਾ ਸਮਝਦਾ ਅਤੇ ਘ੍ਰਿਣਾ ਕਰਦਾ ਹੈ। ਉਸ ਨੇ ਉਹ ਚੁਣਿਆ, ਜਿਸ ਦਾ ਸੰਸਾਰ ਵਿਚ ਕੋਈ ਮਾਣ ਨਹੀਂ ਹੈ ਕਿ ਉਹ ਉਸ ਨੂੰ ਖ਼ਤਮ ਕਰੇ ਜਿਸ ਦਾ ਸੰਸਾਰ ਵਿਚ ਮਾਣ ਹੈ। 29 ਇਹ ਉਸ ਨੇ ਇਸ ਲਈ ਕੀਤਾ ਕਿ ਉਸ ਦੇ ਸਾਹਮਣੇ ਕੋਈ ਹੰਕਾਰ ਨਾ ਕਰ ਸਕੇ।"

11

# ਯਿਸੂ ਪੁਨਰ ਜੀਵਿਤ ਮੁਕਤੀਦਾਤਾ

ਜਦੋਂ ਕਿ ਸਾਰੀ ਦੁਨਿਆਂ ਦੇ ਧਰਮਾਂ ਦੇ ਸਾਰੇ ਅਗੂ ਮਰ ਚੁੱਕੇ ਹਨ ਅਤੇ ਅਸੀਂ ਉਹਨਾਂ ਦੀ ਕਬਰਾਂ ਜਾ ਦੇ ਦੇਖ ਸਕਦੇ ਹਾਂ, ਪਰ ਯਿਸੂ ਕੀ ਕਬਰ ਖਾਲੀ ਹੈ, ਕਿਉਂਕਿ ਉਹ ਤੀਜੇ ਦਿੱਨ ਜੀ ਉਠਿਆ ਸੀ। ਮੌਤ ਤੋਂ ਜੀ ਉਠਣ ਦੇ ਬਾਦ ਉਹਦੇ ਚੇਲਿਆਂ ਨੇ ਅਤੇ ਪੱਚ ਸੌ ਲੋਕਾਂ ਨੇ ਉਸਨੂੰ ਜਿੰਦਾ ਦੇਖਿਆਂ, ਉਹ ਸਰਗ ਤੋਂ ਜਾਉਂਣ ਤੋਂ ਪਹਿਲਾ ਚਲੀਸ ਦਿੱਨ ਉਹਨਾਂ ਦੇ ਨਾਲ ਖੰਦਾ ਤੇ ਪਿੰਦਾ ਅਤੇ ਚੇਲਿਆਂ ਨੂੰ ਸਿਖਿਆ ਦੇਣਦਾ ਪਿਆ ਸੀ। ਉਹ ਪਚਾਸ ਦਿੱਨ ਬਾਦ ਪਿੱਤਾ ਦੇ ਕੋਲ ਗਿਆ ਅਤੇ ਪੇਨਤਿਕੁਸਤ ਦੇ ਦਿੱਨ ਉਹ ਨੇ ਪਵਿੱਤਰ ਆਤਮਾ ਨੂੰ ਕਲਿਸਿਆ ਦੇ ਕੋਲ ਭੇਜ ਦਿੱਤਾ।

ਪੁਨਰ ਜੀਵਨ ਦਾ ਮਤਲਬ ਹੈ ਕੀ ਯਿਸੂ ਜੀਵਿਤ ਹੈ ਅਤੇ ਉਹ ਉਸਦੀ ਸੇਵਕਾਈ ਉਸਦੀ ਆਤਮਾ ਵੱਲੋਂ ਚਲਾ ਰਿਹਾ ਹੈ। ਇਸ ਦਾ ਇਹ ਵੀ ਮਤਲਬ ਹੈ ਕੀ ਜਿਹੜਾ ਕੋਈ ਉਸ ਵਿਚ ਮਰਿਆ ਉਹ ਇਕ ਦਿੱਨ ਫਿਰ ਜੀ ਉੱਠੇਗੇਂ ਅਤੇ ਉਸਦੇ ਨਾਲ ਹਮੇਸ਼ਾ ਦੇ ਲਈ ਰਹੇਗੇਂ। ਦੁਨਿੱਆਂ ਦੇ ਦੂਜੇ ਧਰਮ ਮੌਤ ਤੇ ਪਹਿਲਾਂ ਤਾਂ ਕੁਝ ਤਸਲ੍ਹੀ ਦੇਨਦੇ ਹਾਂ ਪਰ ਮੌਤ ਤੇ ਬਾਦ ਦਾ ਉਹਨਾਂ ਦੇ ਕੋਲ ਕੋਈ ਵਾਇਅਦਾ ਨਹੀਂ ਹੈ। ਯਿਸੂ ਨੇ ਮੌਤ ਨੂੰ ਜਿੱਤ ਲਿਤਾ ਹੈ ਅਤੇ ਜਿਹੜਾ ਕੋਈ ਉਸ ਤੇ ਵਿਸ਼ਵਾਸ ਕਰਦਾ ਹੈ ਉਹ ਲੋਕੀਂ ਮੌਤ ਤੋਂ ਨਹੀਂ ਡਰਦੇ ਹੈ।

**੧ ਥੱਸਲੁਨੀਕੀਆਂ ੪:੧੫-੧੭** "ਇਹ ਜੋ ਕੁਝ ਅਸੀਂ ਕਹਿ ਰਹੇ ਹਾਂ, ਇਹ ਪ੍ਰਭੂ ਦੇ ਆਪਣੇ ਸ਼ਬਦ ਹਨ: ਅਸੀਂ ਜੋ ਉਸ ਸਮੇਂ ਤਕ ਜ਼ਿੰਦਾ ਰਹੇਗਾ,

ਜਦੋਂ ਤਕ ਪ੍ਰਭੂ ਦੁਬਾਰਾ ਆਵੇਗਾ, ਤਾਂ ਅਸੀਂ ਪਹਿਲਾਂ ਮਰ ਚੁਕੇ ਲੋਕਾਂ ਤੋਂ ਉਤਮ ਨਹੀਂ ਸਮਝੇ ਜਾਵਗੇ। 16 ਉਸ ਸਮੇਂ ਇਕ ਜ਼ੋਰਦਾਰ ਹੁਕਮ ਹੋਵੇਗਾ, ਜਿਸ ਦੇ ਨਾਲ ਹੀ ਪ੍ਰਮੁੱਖ ਸਵਰਗ ਦੂਤ ਦੀ ਅਵਾਜ਼ ਸੁਣਾਈ ਦੇਵੇਗੀ, ਅਤੇ ਪਰਮੇਸ਼ਰ ਦਾ ਬਿਗਲ ਫੂਕਿਆ ਜਾਵੇਗਾ, ਤਦ ਪ੍ਰਭੂ ਆਪ ਸਵਰਗ ਤੋਂ ਉਤਰੇਗਾ। ਉਸ ਸਮੇਂ ਜੋ ਮਸੀਹ ਦੀ ਸੰਗਤ ਵਿਚ ਹੋ ਕੇ ਮਰੇ ਸਨ, ਉਹ ਪਹਿਲਾਂ ਜੀ ਉੱਠਣਗੇ। 17 ਫਿਰ ਅਸੀਂ ਵੀ ਉਹਨਾਂ ਦੇ ਨਾਲ ਬਦਲਾਂ ਤੇ ਹਵਾ ਵਿਚ ਹੀ ਪ੍ਰਭੂ ਦੇ ਸੁਆਗਤ ਲਈ ਚੁੱਕ ਲਏ ਜਾਵਾਂਗੇ। ਇਸ ਤਰ੍ਹਾਂ ਅਸੀਂ ਹਮੇਸ਼ਾ ਤਕ ਪ੍ਰਭੂ ਦੀ ਸੰਗਤ ਵਿਚ ਰਹਾਂਗੇ।”

**ਯੂਹੰਨਾ ੫:੨੮-੨੯** “ਇਸ ਗੱਲ ਉਤੇ ਤੁਸੀਂ ਹੈਰਾਨ ਨਾ ਹੋਵੋ। ਸਮਾਂ ਆ ਗਿਆ ਹੈ, ਜਦੋਂ ਜੋ ਕਬਰਾਂ ਵਿਰ ਹਨ, ਉਸ ਦੀ ਅਵਾਜ਼ ਸੁਣਨਗੇ, 29 ਅਤੇ ਕਬਰਾਂ ਵਿਚੋਂ ਬਾਹਰ ਆ ਜਾਣਗੇ। ਚੰਗੇ ਕੰਮ ਕਰਨ ਵਾਲਿਆਂ ਦਾ ਪੁਨਰ ਉੱਥਾਨ ਜੀਵਣ ਦੇ ਲਈ ਹੋਵੇਗਾ ਅਤੇ ਬੁਰੇ ਕੰਮ ਕਰਨ ਵਾਲਿਆਂ ਦਾ ਦੰਢ ਦੇ ਲਈ।”

**੧ਕੁਰਿੰਥੁਸ ੧੫:੫੫-੫੮** “ਮੌਤ ਜਿੱਤ ਵਿਚ ਬਦਲ ਗਈ! ਹੇ ਮੌਤ, ਕਿਥੇ ਹੈ ਤੇਰੀ ਜਿੱਤ? ਹੇ ਮੌਤ, ਕਿਥੇ ਹੈ ਤੇਰਾ ਡੰਗ?”56 ਮੌਤ ਦਾ ਡੰਗ ਪਾਪ ਹੈ ਅਤੇ ਪਾਪ ਦੀ ਸ਼ਕਤੀ ਵਿਵਸਥਾ ਹੈ। 57 ਪਰ ਪਰਮੇਸ਼ਰ ਦਾ ਧੰਨਵਾਦ ਹੋਵੇ, ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਜਿੱਤ ਦਿੰਦਾ ਹੈ। 58 ਇਸ ਲਈ ਮੇਰੇ ਪਿਆਰੇ ਵੀਰੋ, ਪੱਕੇ ਅਤੇ ਅਟਲ ਰਹੋ, ਇਹ ਜਾਣਦੇ ਹੋਏ ਕਿ ਪ੍ਰਭੂ ਵਿਚ ਤੁਹਾਡੀ ਮਿਹਨਤ ਵਿਅਰਥ ਨਹੀਂ ਹੈ, ਹਰ ਸਮੇਂ ਪ੍ਰਭੂ ਦੇ ਕੰਮ ਵਿਚ ਅੱਗੇ ਵੱਧਦੇ ਜਾਓ।”

ਕਈ ਲੋਕੀ ਹੈ ਜਿਹੜੇ ਅਪਾਹਿਜ ਪੈਦਾ ਹੋਏ ਅਤੇ ਕੁਝ ਲੋਕੀ ਦੁਰਘਟਨਾ ਤੋਂ ਅਪਾਹਿਜ ਹੋ ਗਏ ਹੈ। ਇਹ ਲੋਕੀਂ ਆਪਣੇ ਹਥ ਤੇ ਪੈਰਾ ਨੂੰ ਇਸਤੇਮਲ ਨਹੀ ਕਰ ਸਕਦੇ ਹਾਂ, ਅਤੇ ਕਈ ਲੋਕਾ ਨੂੰ ਲਕਵ ਮਾਰ ਗਿਆ ਹੈ ਅਤੇ ਉਹ ਲੋਕ ਹੁਣ ਉਣ ਕੰਮਾਂ ਨੂੰ ਨਹੀਂ ਕਰ ਸਕਦੇ ਹਾਂ ਜੇੜੇ ਉਹ ਕਰਦੇ ਸੀ।ਇਹ ਗੱਲਾਂ ਉਹ ਲੋਕਾਂ ਨੂੰ ਸਾਧਾਰਨ ਜੀਵਣ ਜੀਣ ਦੇ ਲਈ ਬਹੁਤ ਸਾਰੀ ਮੁਸਕਿਲਾਂ ਪੈਦਾ ਕਰਦੀ ਹਾਂ। ਯਿਸੂ ਦੇ ਨਾਲ ਇਹ ਲੋਕੀਂ ਦੇ ਲਈ ਕੋਈ ਉਮੀਦ ਹੈ? ਹਾਂ ਮੇਰੇ ਮਿੱਤਰ, ਉਹ ਦੇ ਕੋਲ ਇਹਨਾਂ ਲੋਕੀਂ ਦੇ

ਲਈ ਉਮੀਦ ਹੈ। ਜਾੱਨ ਸਟੋਟ, ਜੋਨੀ ਏਰਿਕਸਨ ਦੇ ਬਾਰੇ ਦਾੱਸਤਾ ਹੈ, ਇਹ ਇਕ ਅਮਰੀਕਨ ਏਥਿਲੇਟਿਕ (ਖੇਡਾਰੀ) ਸੀ। ਸਤਾਰਾ ਸਾਲ ਦੀ ਉੱਮਰ ਵਿਚ ਪਾਣੀ ਵਿਚ ਛਲਾਂਗ ਮਾਰਦੇ ਵੇਲੇ ਉਸਨੂੰ, ਉਸਦੀ ਗਰਦਨ ਤੋਂ ਪੈਰਾਂ ਤਕ ਲਕਵ ਲਗ ਗਿਆ ਸੀ। ਇਹ ਪੁਨਰ-ਜੀਵਣ ਦੀ ਉਮੀਦ ਸੀ ਜਿਸਨੇ ਉਸਨੂੰ ਜੀਣ ਦਿੱਤਾ ਸੀ। ਇਕ ਬਾਰ ਉਹ ਇਕ ਸੰਗਤ ਵਿਚ ਸੀ ਜਦੋਂ ਪ੍ਰਚਾਰਕ ਨੇ ਲੋਕੀਂ ਨੂੰ ਘੁਟਨੇ ਟੇਕਨ ਦੇ ਲਈ ਕਿਹਾ ਉਹ ਰੋਨ ਲਗ ਪਈ ਜਬਕੀ ਉਹ ਲੰਮਬੇ ਸਮੇ ਤੋਂ ਇਹ ਨਹੀਂ ਕਰ ਸਕਦੀ ਸੀ। ਇਸ ਤੋਂ ਮਗਰੋਂ ਉਸਨੇ ਪੁਨਰ-ਜੀਵਨ ਨੂੰ ਯਾਦ ਕੀਤਾ। ਉਥੇ ਬੈਠੇ ਹੋਏ ਉਹ ਲਿਖਦੀ ਹੈ:

> ਮੈਨੂੰ ਯਾਦ ਦਿਲਾਇਆ ਗਿਆ ਕੀ ਸਰਗ ਵਿਚ ਮੈਂ ਉਛਲਨ ਕੁਦਨ ਅਤੇ ਨਾਚਣ ਲਈ ਮੈਂ ਅਜਾਦ ਹੋਉਂਗੀਂ। ਮੈਨੂੰ ਪਕਕਾ ਯਕੀਨ ਹੈ ਕੀ ਯਿਸੂ ਬਹੁਤ ਖੁਸ਼ ਹੋਉਗਾ ਜਦ ਉਹ ਮੈਨੂੰ ਆਪਣੇ ਪੈਰਾਂ ਉੱਥੇ ਖੜੇ ਹੋਏ ਦੇਖੇਗੇਂ, ਯਦੀ ਇਹ ਮੁਮਕਿਨ ਹੋਇਆ ਤਾਂ ਮੈਂ ਇਹ ਗੱਲ ਦੇ ਨਾਲ ਉਸ ਨੂੰ ਹੋਰ ਭੀ ਖੁਸ਼ੀ ਦੇਉਗੀ, ਜਦੋ ਸ਼ਾਦੀ ਦਾ ਖਾਣਾ ਹੋ ਰਿਹਾ ਹੋਉਗਾ ਤਦ ਸਾਰੇ ਮਿਹਮਾਨਾਂ ਦੇ ਸਮਨੇ ਮੈਂ ਆਪਣੇ ਪੂਨਰ-ਜੀਵਨ ਵਿਚ ਮਿਲੇ ਨਵੇਂ ਗੋਡਾਂ ਨੂੰ ਆਭਾਰੀ, ਮਹੀਮਾ ਦੇ ਨਾਲ ਆਪਣੇ ਯਿਸੂ ਦੇ ਗੋਡਾਂ ਉੱਤੇ ਟੇਕ ਦੇਵਾਂਗੀਂ।7

ਯਿਸੂ ਨਾ ਕੇਬਲ ਉਨਹਾਂ ਨੂੰ ਨਵਾਂ ਸਰੀਰ ਦੇਉਂਗਾ ਜਿਹੜੇ ਅਪਾਹਿਜ ਦੀ ਦਸਾ ਵਿਚ ਦੁਖਾਂ ਨੂੰ ਉਠਾਉਂਦੇ ਹਨ ਬਲਕੀ ਉਹ ਉਸਦੇ ਲੋਕਾਂ ਨੂੰ ਵੀ ਜਿਉਂਦਾ ਕਰੂਗਾ ਜਿਹੜੇ ਮਰ ਗਏ ਸੀ। ਸਾਡੇ ਮੁਕਤੀਦਾਤਾ ਦੇ ਲਈ ਮੌਤ ਰੁਕਾਵਟ ਨਹੀਂ ਹੈ, ਕਿਉਂਕਿ ਉਹ ਨੇ ਮੌਤ ਉੱਥੇ ਜਿੱਤ ਪਾਈ ਹੈ ਅਤੇ ਉਸਦੇ ਡੰਕ ਨੂੰ ਤੌੜ ਦਿੱਤਾ ਹੈ। ਦੁਨਿਆਂ ਦੇ ਲੋਕੀ ਘੰਮਡ ਕਰ ਸਕਦੇ ਹਾ ਪਰ ਜਦੋਂ ਮੌਤ ਆਉਂਦੀ ਹੈ ਤਦ ਉਹਨਾਂ ਦਾ ਘੰਮਡ ਕੰਮ ਨਹੀਂ ਆਉਂਦਾ ਹੈ। ਇਕ ਪਰਮੇਸ਼ਰ ਦਾ ਬੱਚਾ ਯਿਸੂ ਦੀ ਮੌਤ ਪਰ ਜਿੱਤ ਉੱਥੇ ਘੰਮਡ ਕਰ ਸਕਦਾ ਹੈ। ਆਉ ਸ਼ਬਦ ਦੀ ਗਵਾਹੀ ਸੁਣਿਏ:

**ਯੂਹੰਨਾ ੧੧:੨੫-੨੬** "ਯਿਸੂ ਨੇ ਉਸ ਨੂੰ ਅੱਗੋਂ ਕਿਹਾ, ਮੈਂ ਹੀ ਪੁਨਰ ਉੱਥਾਨ ਅਤੇ ਜੀਵਣ ਹਾਂ। ਜੋ ਕੋਈ ਮੇਰੇ ਤੇ ਵਿਸ਼ਵਾਸ ਰੱਖਦਾ ਹੈ, ਬੇਸ਼ਕ ਉਹ ਮਰ ਵੀ ਜਾਵੇ, ਉਹ ਫਿਰ ਵੀ ਜੀਵੇਗਾ। 26 ਉਹ ਸਾਰੇ ਜਿਹੜੇ ਜੀਉਂਦੇ ਹਨ ਅਤੇ ਮੇਰੇ ਉਤੇ ਵਿਸ਼ਵਾਸ ਰੱਖਦੇ ਹਨ, ਕਦੀ ਨਹੀਂ ਮਰਨਗੇ। ਕੀ ਤੂੰ ਇਸ ਉਤੇ ਵਿਸ਼ਵਾਸ ਕਰਦੀ ਹੈਂ?"

**੧ਕੁਰਿੰਥੁਸ ੧੫:੪੨-੪੪** "ਜਦੋਂ ਮੁਰਦੇ ਜ਼ਿੰਦੇ ਕੀਤੇ ਜਾਣਗੇ, ਤਾਂ ਉਹ ਇਸ ਤਰ੍ਹਾਂ ਜੋਣਗੇ; ਬੀਜ ਦਾ ਸਰੀਰ ਵੀ ਮਰਨਹਾਰ ਹਾਲਤ ਵਿਚ ਦੱਬਿਆ ਜਾਂਦਾ ਹੈ, ਪਰ ਅਮਰ ਹਾਲਤ ਵਿਚ ਜ਼ਿੰਦਾ ਕੀਤਾ ਜਾਂਦਾ ਹੈ। 43 ਇਹ ਹੀਣ ਹਾਲਤ ਵਿਚ ਦੱਬਿਆ ਜਾਂਦਾ ਹੈ, ਪਰ ਮਾਣ ਵਾਲੀ ਹਾਲਤ ਵਿਚ ਜ਼ਿੰਦਾ ਕੀਤਾ ਜਾਂਦਾ ਹੈ। ਇਹ ਨਿਰਬਲ ਹਾਲਤ ਵਿਚ ਦੱਬਿਆ ਜਾਂਦਾ ਹੈ, ਪਰ ਸ਼ਕਤੀ-ਸ਼ਾਲੀ ਹਾਲਤ ਵਿਚ ਜ਼ਿੰਦਾ ਕੀਤਾ ਜਾਂਦਾ ਹੈ। 44 ਇਹ ਸੰਸਾਰਕ ਸਰੀਰ ਨਾਲ ਦੱਬਿਆ ਜਾਂਦਾ, ਪਰ ਆਤਮਕ ਸਰੀਰ ਨਾਲ ਜ਼ਿੰਦਾ ਕੀਤਾ ਜਾਂਦਾ ਹੈ। ਸੰਸਾਰਕ ਸਰੀਰ ਵੀ ਹੈ, ਅਤੇ ਆਤਮਕ ਸਰੀਰ ਵੀ ਹੈ।"

**੧ਕੁਰਿੰਥੁਸ ੧੫:੫੫-੫੭** "ਮੌਤ ਜਿੱਤ ਵਿਚ ਬਦਲ ਗਈ! ਹੇ ਮੌਤ, ਕਿਥੇ ਹੈ ਤੇਰੀ ਜਿੱਤ? ਹੇ ਮੌਤ, ਕਿਥੇ ਹੈ ਤੇਰਾ ਡੰਗ?" 56 ਮੌਤ ਦਾ ਡੰਗ ਪਾਪ ਹੈ ਅਤੇ ਪਾਪ ਦੀ ਸ਼ਕਤੀ ਵਿਵਸਥਾ ਹੈ। 57 ਪਰ ਪਰਮੇਸ਼ਰ ਦਾ ਧੰਨਵਾਦ ਹੋਵੇ, ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਜਿੱਤ ਦਿੰਦਾ ਹੈ।"

**੧ਕੁਰਿੰਥੁਸ ੧੫:੪੯** "ਜਿਸ ਤਰ੍ਹਾਂ ਸਾਨੂੰ ਮਿੱਟੀ ਦੇ ਆਦਮੀ ਦਾ ਰੂਪ ਮਿਲਿਆ ਹੈ, ਉਸੇ ਤਰ੍ਹਾਂ ਸਾਨੂੰ ਸਵਰਗ ਦੇ ਆਦਮੀ ਦਾ ਰੂਪ ਵੀ ਮਿਲੇਗਾ।"

**ਫਿਲਿਪੀਆਂ ੩:੨੧** "ਉਹ ਹੀ ਨਾਸ਼ਵਾਨ ਸਰੀਰਾਂ ਨੂੰ ਆਪਣੀ ਉਸ ਮੁਕਤੀ ਦੇ ਨਾਲ ਜਿਸ ਨਾਲ ਉਹ ਸਭ ਚੀਜ਼ਾਂ ਨੂੰ ਆਪਣੀ ਉਦੇਸ਼ ਪੂਰਤੀ ਲਈ, ਆਪਣੇ ਅਧੀਨ ਰੱਖਦਾ ਹੈ; ਆਪਣੇ ਤੇਜਵਾਨ ਸਰੀਰ ਦੀ ਤਰ੍ਹਾਂ ਬਦਲ ਦੇਵੇਗਾ।"

# 12

# ਕੈਵੇਂ ਯਿਸੂ ਮੇਰਾ ਮੁਕਤੀਦਾਤਾ ਬਣ ਸਕਦਾ ਹੈ?

ਦੁਨਿਆਂ ਦੇ ਧਰਮ ਸਿਖਾਉਂਦੇ ਹੈ ਕੀ ਯਦੀ ਤੁਸੀਂ ਚੰਗੇ ਰਾਹ ਵਿਚ ਚਲੋਗੇ ਤਾਂ ਤੁਹਾਨੂੰ ਮੁਕਤੀ ਮਿਲੁਗੀ ਪਰ ਬਇਬਲ ਸਿਖਿਆਉਂਦੀ ਹੈ ਕਿ ਕੋਈ ਵਿ ਮਨੁੱਖ ਚੰਗਾ ਨਹੀਂ ਹੈ ਅਤੇ ਨਾ ਹੀ ਉਹ ਪੂਰਨ ਤੌਰ ਤੇ ਚੰਗੇ ਕੰਮ ਕਰ ਸਕਦਾ ਹੈ ਜਬ ਤਕ ਕੀ ਉਹ ਪੂਰੀ ਤੌਰ ਤੋਂ ਆਪਣਾ ਸੁਭਾਉ ਨਾ ਬਦਲ ਲੇਵੇ। ਆਉ ਪਰਮੇਸ਼ਰ ਦੇ ਸ਼ਬਦ ਨੂੰ ਦੇਖੇਂ ਜੋ ਮਨੁੱਖ ਦੇ ਵਿਆਪਕ ਰੂਪ ਵਿਚ ਪਾਪੀ ਹੋਣਾ ਬਤਾਉਂਦਾ ਹੈਂ:

**ਯਿਰਮਿਯਾਹ ੧੭:੯** "ਮਨੁੱਖ ਮਨ ਨੂੰ ਕੌਣ ਸਮਝ ਸਕਦਾ ਹੈ? ਇਸ ਜਿੰਨੀ ਹੋਰ ਕੋਈ ਚੀਜ਼ ਧੋਖੇਬਾਜ਼ ਨਹੀਂ ਹੈ।"

**ਯਿਰਮਿਯਾਹ ੧੩:੨੩** "ਕੀ ਕਾਲਾ ਮਨੁੱਖ ਆਪਣਾ ਡੱਬਾਪਨ ਦੂਰ ਕਰ ਸਕਦਾ ਹੈ? ਜੇਕਰ ਇਹ ਹੋ ਸਕਦਾ ਹੈ, ਤਾਂ ਤੈਨੂੰ ਕੁਝ ਕਰਨ ਦੀ ਲੋੜ ਨਹੀਂ ਹੈ। ਬੁਰੀ ਆਪ ਹੀ ਭਲਾਈ ਕਰਨ ਸਿਖ ਜਾਵੇਗੀ।"

**ਰੋਮ ੮:੭** "ਕਿਉਂਕਿ ਸਰੀਰਕ ਸੁਭਾਉ ਰੱਖਣ ਵਾਲਾ ਪਰਮੇਸ਼ਰ ਦਾ ਵੈਰੀ ਹੈ, ਉਹ ਉਸ ਦੇ ਨੇਮ ਨੂੰ ਨਹੀਂ ਮੰਨਦਾ ਅਤੇ ਨਾ ਹੀ ਮੰਨ ਸਕਦਾ ਹੈ।"

**੧ਕੁਰਿੰਥੁਸ ੨:੧੪** "ਜਿਸ ਨੂੰ ਪਰਮੇਸ਼ਰ ਦਾ ਆਤਮਾ ਨਹੀਂ ਮਿਲਿਆ, ਉਹ ਪਰਮੇਸ਼ਰ ਦੇ ਆਤਮਾ ਦੀਆਂ ਗੱਲਾਂ ਨਹੀਂ ਮੰਨਦਾ। ਉਸ ਦੇ ਲਈ ਉਹ ਸਭ ਮੂਰਖਤਾ ਦੀਆਂ ਗਲਾਂ ਹਨ।

ਉਹ ਉਹਨਾਂ ਨੂੰ ਸਮਝ ਨਹੀਂ ਸਕਦਾ ਹੈ, ਕਿਉਂਕਿ ਉਹਨਾਂ ਨੂੰ ਕੇਵਲ ਆਤਮਕ ਤੌਰ ਤੇ ਹੀ ਸਮਝਿਆ ਜਾ ਸਕਦਾ ਹੈ।"

**ਅਫਸੀਆਂ ੨:੧** "ਇਕ ਸਮਾਂ ਸੀ, ਜਦੋਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਆਤਮਕ ਤੌਰ ਤੇ ਮੁਰਦਾ ਸਾਉ।"

**ਰੋਮ ੩:੧੦-੧੮** "ਜਿਸ ਤਰ੍ਹਾਂ ਧਰਮ ਗ੍ਰੰਥ ਵੀ ਕਹਿੰਦਾ ਹੈ: "ਕੋਈ ਵੀ
ਨੇਕ ਨਹੀਂ ਇਕ ਵੀ ਨਹੀਂ। 11 ਕੋਈ ਵੀ ਸਮਝਦਾਰ ਨਹੀਂ, ਕੋਈ ਵੀ
ਪਰਮੇਸ਼ਰ ਦਾ ਖੋਜੀ ਨਹੀਂ। 12 ਸਭ ਦੇ ਸਭ ਭਟਕ ਗਏ, ਉਹ ਇਕ ਦਮ
ਨਿਕੰਮੇ ਹੋ ਗਏ ਹਨ, ਕੋਈ ਵੀ ਭਲਾਈ ਨਹੀਂ ਕਰਦਾ, ਇਕ ਵੀ ਨਹੀਂ।
13 ਉਹਨਾਂ ਦਾ ਗਲਾ ਖੁਲ੍ਹਾਂ ਕਬਰ ਹੈ, ਉਹਨਾਂ ਦੀ ਵਾਣੀ ਵਿਚ ਕਪਟ ਹੈ,
ਅਤੇ ਉਹਨਾਂ ਦੇ ਬੁਲ੍ਹਾਂ ਤੇ ਕਾਲੇ ਸੱਪ ਦਾ ਜ਼ਜਿਰ ਹੈ। 14 ਉਹਨਾਂ ਦੇ ਮੂੰਹ
ਸਰਾਪ ਅਤੇ ਕੁੜੱਤਣ ਨਾਲ ਭਰੇ ਹਨ। 15 ਉਹਨਾ ਦੇ ਪੈਰ ਖੂਨ ਖ਼ਰਾਬੇ
ਲਈ ਤੇਜ਼ ਦੋੜਦੇ ਹਨ; 16 ਉਹਨਾਂ ਦੇ ਰਾਹਾਂ ਵਿਚ ਤਬਾਹੀ ਅਤੇ ਕਸ਼ਟ
ਹਨ, 17 ਉਹ ਸ਼ਾਂਤੀ ਦੇ ਰਾਹ ਤੋਂ ਅਣਜਾਣ ਹਨ, 18 ਉਹਨਾਂ ਦੀਆਂ
ਅੱਖਾਂ ਅੱਗੇ ਪਰਮੇਸ਼ਰ ਦਾ ਭੈ ਨਹੀਂ ਹੈ।"

ਮਨੁੱਖ-ਜਾਤੀ ਵਿਚ ਨਾ ਕੇਵਲ ਪੂਰੀ ਤੌਰ ਤੋਂ ਬੁਰਾਈ ਹੈ ਬਲਕਿ ਉਹ ਆਪਣੇ ਲਈ ਮੁਕਤੀ ਵਿ ਨਹੀਂ ਲਭ ਸਕਦੀ। ਉਹ ਖੁਦ ਵੀ ਆਪਣੇ ਆਪ ਵਿਸ਼ਵਾਸ ਨਹੀਂ ਕਰ ਸਕਦਾ ਕਿਉਂਕਿ ਮਨੁੱਖ ਦਾ ਦਿੱਲ ਉਸਦੇ ਸੁਭਾਉ ਦੁਆਰਾ ਪਰਮੇਸ਼ਰ ਤੋਂ ਨਫ਼ਰਤ ਕਰਦਾ ਹੈ। ਆਉ ਪਰਮੇਸ਼ਰ ਦੇ ਸ਼ਬਦ ਦੀ ਗਵਾਹੀ ਏਸੇ ਮਨੁੱਖ ਦੇ ਬਾਰੇ ਸੁਣਿਏ ਜਿਸ ਦਾ ਦਿੱਲ ਕਰੜ੍ਹਾ ਹੋਨ ਦੇ ਦੁਆਰਾ ਉਹ ਮਸੀਹ ਯਿਸੂ ਦੀ ਮੁਕਤੀ ਉੱਥੇ ਵਿਸ਼ਵਾਸ ਨਹੀ ਕਰ ਸਕਦਾ ਹੈ:

**ਮੱਤੀ ੭:੧੭-੧੮** "ਚੰਗੇ ਰੁੱਖ ਨੂੰ ਚੰਗਾ ਫਲ ਲਗਦਾ ਹੈ ਅਤੇ ਬੁਰੇ ਰੁੱਖ
ਨੂੰ ਬੁਰਾ ਫਲ ਲਗਦਾ ਹੈ। 18 ਚੰਗੇ ਰੁੱਖ ਨੂੰ ਬੁਰਾ ਫਲ ਨਹੀਂ ਲਗ ਸਕਦਾ
ਅਤੇ ਨਾ ਹੀ ਬੁਰੇ ਰੁੱਖ ਨੂੰ ਚੰਗਾ ਫਲ ਲਗ ਸਕਦਾ ਹੈ।"

**ਲੂਕਾ ੬:੪੩-੪੫** "ਅੱਛੇ ਰੁੱਖ ਨੂੰ ਬੁਰਾ ਫਲ ਨਹੀਂ ਲਗਦਾ ਅਤੇ ਨਾ ਬੁਰੇ ਰੁੱਖ ਨੂੰ ਅੱਛਾ ਫਲ ਲਗਦਾ ਹੈ। 44 ਹਰ ਰੁੱਖ ਦੀ ਪਛਾਣ ਉਸ ਦੇ ਫਲ ਤੋਂ ਹੁੰਦੀ ਹੈ। ਲੋਕੀਂ ਕੰਡਿਆਲੀ ਝਾੜੀਆਂ ਨਾਲੋਂ ਅੰਜੀਰ ਨਹੀਂ ਤੋੜਦੇ ਅਤੇ ਨਾ ਹੀ ਕੰਡਿਆਂ ਵਾਲੀ ਬੇਰੀ ਨਾਲੋਂ ਅੰਗੂਰਾਂ ਦੇ ਗੁੱਛੇ। 45 ਚੰਗਾ ਆਦਮੀ ਆਪਣੇ ਮਨ ਦੇ ਚੰਗੇ ਖਜ਼ਾਨੇ ਵਿਚੋਂ ਚੰਗੀਆਂ ਚੀਜ਼ਾਂ ਕੱਢਦਾ ਹੈ। ਇਸੇ ਤਰ੍ਹਾਂ ਬੁਰਾ ਆਦਮੀ ਆਪਣੇ ਮਨ ਦੇ ਬੁਰੇ ਖਜ਼ਾਨੇ ਵਿਚੋਂ ਬੁਰੀਆਂ ਚੀਜ਼ਾਂ ਕੱਢਦਾ ਹੈ; ਕਿਉਂਕਿ ਜੋ ਆਦਮੀ ਦੇ ਮਨ ਵਿਚ ਭਰਿਆ ਹੈ, ਉਹੀ ਹੀ ਉਹ ਆਪਣੇ ਮੂੰਹ ਨਾਲ ਬੋਲਦਾ ਹੈ।"

**ਯੂਹੰਨਾ ੬:੪੪-੪੫** "ਕੋਈ ਮੇਰੇ ਕੋਲ ਨਹੀਂ ਆ ਸਕਦਾ, ਜਦੋਂ ਤਕ ਕਿ ਪਿਤਾ ਜਿਸ ਨੇ ਮੈਨੂੰ ਘਲਿਆ ਹੈ, ਉਸ ਨੂੰ ਮੇਰੇ ਵੱਲ ਆਉਣ ਲਈ ਪਰੇਰਤ ਨਾ ਕਰੇ। ਮੈਂ ਉਸ ਨੂੰ ਅੰਤਮ ਦਿਨ ਜ਼ਿੰਦਾ ਕਰਾਂਗਾ। 45 ਨਬੀਆਂ ਦੀਆਂ ਪੁਸਤਕਾਂ ਵਿਚ ਵੀ ਲਿਖਿਆ ਹੈ, "ਪਰਮੇਸ਼ਰ ਉਹਨਾਂ ਸਾਰਿਆਂ ਨੂੰ ਸਿਖਾਏਗਾ।' ਉਹ ਸਾਰੇ ਜੋ ਪਿਤਾ ਦੀ ਸੁਣ ਕੇ ਅਤੇ ਉਸ ਕੋਲੋਂ ਸਿਖਦੇ ਹਨ, ਉਹ ਮੇਰੇ ਕੋਲ ਆਉਂਦੇ ਹਨ।"

**ਰੋਮ ੮:੭-੮** "ਕਿਉਂਕਿ ਸਰੀਰਕ ਸੁਭਾਉ ਰੱਖਣ ਵਾਲਾ ਪਰਮੇਸ਼ਰ ਦਾ ਵੈਰੀ ਹੈ, ਉਹ ਉਸ ਦੇ ਨੇਮ ਨਹੀਂ ਮੰਨਦਾ ਅਤੇ ਨਾ ਹੀ ਮੰਨ ਸਕਦਾ ਹੈ।8 ਉਹ ਜਿਹੜੇ ਸਰੀਰਕ ਸੁਭਾਉ ਰੱਖਦੇ ਹਨ, ਪਰਮੇਸ਼ਰ ਨੂੰ ਖੁਸ਼ ਨਹੀਂ ਕਰ ਸਕਦੇ ਹਨ।"

ਇਹਨਾਂ ਸਚਿਆਇਆਂ ਨੂੰ ਦੇਖਦੇ ਹੋਏ, ਕੈਵੇਂ ਕੋਈ ਸਮੀਹ ਯਿਸੂ ਉੱਤੇ ਮੁਕਤੀ ਦੇ ਲਈ ਵਿਸ਼ਵਾਸ ਕਰ ਸਕਦਾ ਹੈ? ਇਹ ਗੱਲ ਇਸ ਪਰ ਰੋਸ਼ਨੀ ਡਾਲੁਗੀ ਕੀ ਮਸੀਹ ਯਿਸੂ ਇਕ ਅਦਭੁਤ ਮੁਕਤੀਦਾਤਾ ਹੈ। ਉਹ ਹੀ ਹੈ ਜਿਹੜਾ ਉਸ ਦੀ ਆਤਮਾ ਨੂੰ ਬਚਨ ਦੁਆਰਾ, ਸਾਨੂੰ ਉਸਦੇ ਕੋਲ ਲਾਉਨ ਲਈ ਕੰਮ ਕਰਦਾ ਹੈ। ਮੁਕਦੀ ਦਾ ਕੰਮ ਸੁਰੂ ਤੋਂ ਅੰਤ ਤਕ ਪਰਮੇਸ਼ਰ ਦਾ ਹੀ ਹੈ। ਇਹ ਦਾ ਮਤਲਬ ਇਹ ਨਹੀ ਕੀ ਜਦੋਂ ਯਿਸੂ ਨੇ ਆਪਣੇ ਜੀਵਨ ਤੇ ਮੌਤ ਦੁਆਰਾ ਮੁਕਤੀ ਦੇ ਕੰਮ ਨੂੰ ਸਿਧ ਕੀਤਾ ਤਾਂ ਹੁਣ ਪੂਰੀ ਤਰਹ ਸਾਡੇ ਉੱਪਰ ਹੈ ਕੀ ਉਸ ਦੀ ਮੁਕਤੀ ਨੂੰ ਸਵਿਕਾਰ ਕਰੇਂ। ਜੇਕਰ ਇਹ ਹੋਣਦਾ ਤਾਂ ਕੋਈ ਵੀ ਇਸ ਨੂੰ ਪ੍ਰਾਪਤ ਨਹੀਂ ਕਰ ਸਕਦਾ ਸੀ।

ਯਿਸੂ ਮਸੀਹ ਨੇ ਆਪਣੇ ਕੰਮ ਵੱਲੋਂ ਪਵਿੱਤਰ ਆਤਮਾ ਨੂੰ ਉਹ ਲੋਕਾਂ ਉਥੇ ਮੁਕਤੀ ਲਾਗੂ ਕਰਨ ਦੇ ਲਈ ਸੁਰਝਿਤ ਕਿਤਾ ਹੈ ਜਿਹਨਾਂ ਨੂੰ ਪਿਤਾ ਨੇ ਉਸਨੂੰ ਦਿੱਤਾ ਹੈ। ਇਹੋਂ ਕਾਰਨ ਹੈ ਕਿ ਕੋਈ ਵੀ ਆਪਣੇ ਉਤੇ ਘਮੰਡ ਨਾ ਕਰੇ। ਇਸ ਦਾ ਇਹ ਮਤਲਬ ਨਹੀਂ ਕੀ ਸਾਡੇ ਕੋਲ ਇਨੀਂ ਸਮਝ ਤੇ ਬੁਧ ਹੈ ਅਤੇ ਦੂਜੇ ਲੋਕੀਂ ਦੇ ਕੋਲ ਨਹੀਂ। ਆਉ ਬਾਇਬਲ ਦੇ ਵਚਨਾਂ ਧਿਆਨ ਨਾਲ ਦੇਖਿਏ:

**ਯੂਹੰਨਾ ੬:੪੪-੪੫** "ਕੋਈ ਮੇਰੇ ਕੋਲ ਨਹੀਂ ਆ ਸਕਦਾ, ਜਦੋਂ ਤਕ ਕਿ ਪਿਤਾ ਜਿਸ ਨੇ ਮੈਨੂੰ ਘਲਿਆ ਹੈ, ਉਸ ਨੂੰ ਮੇਰੇ ਵੱਲ ਆਉਣ ਲਈ ਪਰੇਰਤ ਨਾ ਕਰੇ। ਮੈਂ ਉਸ ਨੂੰ ਅੰਤਮ ਦਿਨ ਜ਼ਿੰਦਾ ਕਰਾਂਗਾ। 45 ਨਬੀਆਂ ਦੀਆਂ ਪੁਸਤਕਾਂ ਵਿਚ ਵੀ ਲਿਖਿਆ ਹੈ, "ਪਰਮੇਸ਼ਰ ਉਹਨਾਂ ਸਾਰਿਆਂ ਨੂੰ ਸਿਖਾਏਗਾ।' ਉਹ ਸਾਰੇ ਜੋ ਪਿਤਾ ਦੀ ਸੁਣ ਕੇ ਅਤੇ ਉਸ ਕੋਲੋਂ ਸਿਖਦੇ ਹਨ, ਉਹ ਮੇਰੇ ਕੋਲ ਆਉਂਦੇ ਹਨ।"

**ਯੂਹੰਨਾ ੬:੬੫** "ਯਿਸੂ ਨੇ ਅੱਗੇ ਕਿਹਾ, "ਇਸ ਲਈ ਮੈਂ ਤੁਹਾਨੂੰ ਕਿਹਾ ਸੀ, ਕੋਈ ਮੇਰੇ ਕੋਲ ਨਹੀਂ ਆ ਸਕਦਾ, ਜਦੋਂ ਤਕ ਕਿ ਪਿਤਾ ਕੋਲੋਂ ਉਸ ਨੂੰ ਇਹ ਵਰਦਾਨ ਨਾ ਮਿਲੇ।"

**ਅਫਸੀਆਂ ੨:੧-੩** "ਇਕ ਸਮਾਂ ਸੀ, ਜਦੋਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਆਤਮਕ ਤੌਰ ਤੇ ਮੁਰਦਾ ਸਾਉ। 2 ਉਸ ਸਮੇਂ ਤੁਸੀਂ ਇਸ ਸੰਸਾਰ ਦੇ ਭੈੜੇ ਰਾਹਾਂ ਤੇ ਚਲਦੇ ਸਾਉ ਅਤੇ ਉਸ ਆਤਮਾ ਦੇ ਅਧਿਨ ਸਾਉ, ਜੋ ਅਕਾਸ਼ੀ ਸ਼ਕਤੀਆਂ ਦੀ ਅਧਿਕਾਰੀ ਹੈ। ਇਹ ਹੀ ਆਤਮਾ ਇਸ ਵੇਲੇ ਵਿ ਉਹਨਾਂ ਲੋਕਾਂ ਦੇ ਵਿਚ ਕੰਮ ਕਰਦੀ ਹੈ, ਜੋ ਪਰਮੇਸ਼ਰ ਦੀ ਆਗਿਆ ਨਹੀਂ ਮੰਨਦੇ ਹਨ। 3 ਇਕ ਸਮਾਂ ਸੀ, ਜਦੋ ਅਸੀਂ ਵੀ ਆਪਣੀਆਂ ਸਰੀਰਕ ਵਾਸਨਾਵਾਂ ਦੇ ਵਿਚ ਫਸੇ ਪਏ ਸਾਂ ਅਤੇ ਆਪਣੇ ਸਰੀਰ ਅਤੇ ਮਨ ਦੀ ਇੱਛਾ ਅਨੁਸਾਰ ਚਲਦੇ ਸਾਂ। ਇਸ ਤਰ੍ਹਾਂ ਅਸੀਂ ਵੀ ਦੂਜਿਆਂ ਦੀ ਤਰ੍ਹਾਂ ਪਰਮੇਸ਼ਰ ਦੀ ਦੈਵੀ ਸਜ਼ਾ ਦੇ ਭਾਗੀ ਸਾਂ।"

**ਅਫਸੀਆਂ ੨:੮-੧੦** "ਤੁਸੀ ਉਸ ਦੀ ਕਿਰਪਾ ਦੁਆਰਾ ਵਿਸ਼ਵਾਸ ਦੇ ਕਾਰਨ ਬਚਾਏ ਗਏ ਹੋ। ਇਹ ਤੁਹਾਡੇ ਆਪਣੇ ਸਦਕਾ ਨਹੀਂ ਸਗੋਂ

ਪਰਮੇਸ਼ਰ ਦੀ ਦਾਤ ਹੈ। 9 ਇਹ ਕਰਮਾਂ ਦਾ ਨਤੀਜਾ ਨਹੀਂ ਹੈ; ਇਸ ਲਈ ਇਸ ਤੇ ਕਿਸੇ ਤਰ੍ਹਾਂ ਵੀ ਹੰਕਾਰ ਨਹੀਂ ਕੀਤਾ ਜਾ ਸਕਦਾ ਹੈ। 10 ਅਸੀਂ ਪਰਮੇਸ਼ਰ ਦੀ ਰਚਨਾ ਹਾਂ। ਉਸਨੇ ਸਾਨੂੰ ਮਸੀਹ ਯਿਸੂ ਦੇ ਦੁਆਰਾ ਰਚਿਆ ਕਿ ਅਸੀਂ ਭਲੇ ਕੰਮਾਂ ਵਾਲਾ ਜੀਵਣ ਗੁਜ਼ਾਰੀਏ, ਜੋ ਉਸਨੇ ਪਹਿਲਾਂ ਹੀ ਸਾਡੇ ਕਰਨ ਲਈ ਠਹਿਰਾਇਆ ਹੈ।"

ਤੁਸੀਂ ਪੁਛ ਸਕਦੇ ਹੋ, ਤਾ ਫਿਰ ਸਾਨੂੰ ਵਿਸ਼ਵਾਸ ਤੇ ਪਛਤਾਪ ਕਰਨੇ ਦੀ ਲੋਡ ਨਹੀਂ? ਜਾਦੀ ਅਸੀਂ ਮੁਕਤੀ ਪਾਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਇਹ ਗਲਾਂ ਨੂੰ ਕਰਨ ਦੀ ਲੋਡ ਹੈ। ਤਾ ਫਿਰ ਸਵਾਲ ਪੈਦਾ ਹੁੰਦਾ ਹੈ, ਕੀ ਇਹ ਸਭ ਅਸੀਂ ਅਪਨੀ ਤਾਕਤ ਦੁਆਰਾ ਕਰ ਸਕਦੇਂ ਹਾਂ? ਪਰਮੇਸ਼ਰ ਦਾ ਬਚਨ ਦੱਸਦਾ ਹੈ ਕੀ ਅਸੀਂ ਇਹ ਅਪਨੀ ਤਾਕਤ ਦੁਆਰਾ ਨਹੀ ਕਰ ਸਕਦੇ ਹਾਂ। ਵਿਸ਼ਵਾਸ ਅਤੇ ਪਛਤਾਪ ਯਿਸੂ ਦੁਆਰਾ ਉਸਦੇ ਵਚਨ ਤੇ ਪਵਿੱਤਰ ਆਤਮਾ ਵੱਲੋ ਦਿੱਤਾ ਜਾਦਾਂ ਹੈ ਕਿ ਅਸੀਂ ਉਸ ਉਤੇ ਵਿਸ਼ਵਾਸ ਕਰ ਸਕਾਂ।

**ਚੇਲਿਆਂ ਦੇ ਕਰਤੱਵ ੫:੩੦-੩੧** "ਸਾਡੇ ਪੁਰਖਿਆਂ ਦੇ ਪਰਮੇਸ਼ਰ ਨੇ ਯਿਸੂ ਨੂੰ ਮੁਰਦਿਆਂ ਵਿਚੋਂ ਜਿੰਦਾ ਕਰ ਦਿੱਤਾ, ਜਿਸ ਨੂੰ ਤੁਸੀਂ ਸਲੀਬ ਉਤੇ ਚੜ੍ਹਾ ਕੇ ਮਾਰ ਦਿੱਤਾ ਸੀ। 31 ਉਸ ਨੂੰ ਪਰਮੇਸ਼ਰ ਨੇ ਆਪਣੇ ਸੱਜੇ ਹੱਥ ਨਾਲ ਸਰਦਾਰ ਅਤੇ ਮੁਕਤੀ ਦਾਤਾ ਦਾ ਉੱਚਾ ਪਦ ਦਿੱਤਾ ਕਿ ਉਹ ਇਸਰਾਈਲ ਕੌਮ ਨੂੰ ਪਸ਼ਚਾਤਾਪ ਕਰਨ ਦਾ ਮੌਕਾ ਅਤੇ ਪਾਪਾਂ ਤੋਂ ਮਾਫ਼ੀ ਦੇਵੇ।"

**ਅਫਸੀਆਂ ੨:੮** "ਤੁਸੀ ਉਸ ਦੀ ਕਿਰਪਾ ਦੁਆਰਾ ਵਿਸ਼ਵਾਸ ਦੇ ਕਾਰਨ ਬਚਾਏ ਗਏ ਹੋ। ਇਹ ਤੁਹਾਡੇ ਆਪਣੇ ਸਦਕਾ ਨਹੀਂ ਸਗੋਂ ਪਰਮੇਸ਼ਰ ਦੀ ਦਾਤ ਹੈ।"

**ਚੇਲਿਆਂ ਦੇ ਕਰਤੱਵ ੧੧:੧੫-੧੭** "ਮੈਂ ਅਜੇ ਬੋਲਨਾ ਸ਼ੁਰੂ ਹੀ ਕੀਤਾ ਸੀ ਕਿ ਪਵਿੱਤਰ ਆਤਮਾ ਉਹਨਾਂ ਤੇ ਉਤਰ ਆਇਆ, ਜਿਸ ਤਰ੍ਹਾਂ ਸ਼ੁਰੂ ਵਿਚ ਸਾਡੇ ਤੇ ਉਤਰਿਆ ਸੀ। 16 ਉਸ ਸਮੇਂ ਮੈਨੂੰ ਪ੍ਰਭੂ ਦੇ ਕਹੇ ਹੋਏ ਸ਼ਬਦ ਯਾਦ ਆਏ, 'ਯੂਹੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ, ਪਰ ਤੁਸੀਂ

ਪਵਿੱਤਰ ਆਤਮਾ ਨਾਲ ਬਪਤਿਸਮਾ ਪਾਵੋਗੇ।' 17 ਇਸ ਲਈ ਜੇਕਰ ਪਰਮੇਸ਼ਰ ਨੇ ਉਹਨਾਂ ਨੂੰ ਵੀ ਉਹੇ ਵਰਦਾਨ ਦਿੱਤਾ ਜਿਹੜਾ ਸਾਨੂੰ, ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਤੇ ਵਿਸ਼ਵਾਸ ਕੀਤਾ ਸੀ, ਤਾਂ ਮੈਂ ਕੌਣ ਸਾਂ ਕਿ ਪਰਮੇਸ਼ਰ ਨੂੰ ਰੋਕਦਾ।"

ਪਿਛਲੇ ਭਾਗ ਵਿਚ ਪਤਰਸ ਬਤਾਉਂਦਾ ਪਿਆ ਹੈ ਕਿ ਕਿਉਂ ਉਸਨੇ ਇਕ ਅਨਜਾਤੀ ਕਰਨੁਲਿਯੁਸ ਨੂੰ ਬਪਤਿਸਮਾ ਦਿੱਤਾ ਸੀ। ਉਹ ਬਤਾਉਂਦਾ ਹੈ ਕਿ ਪਰਮੇਸ਼ਰ ਨੇ ਅਨਜਾਤੀ ਲੋਕਾਂ ਨੂੰ ਵੀ ਪਵਿੱਤਰ ਆਤਮਾ ਦਿੱਤੀ ਹੈ ਅਤੇ ਉਹ ਪਵਿੱਤਰ ਆਤਮਾ ਉਹਨਾਂ ਨੂੰ ਮਸੀਹ ਯਿਸੂ ਉੱਤੇ ਵਿਸ਼ਵਾਸ ਕਰਨ ਲਈ ਯੋਗ ਬਣਾਉਂਦਾ ਹੈ। ਇਹ ਪਰਮੇਸ਼ਰ ਹੈ ਜਿਹੜਾ ਆਦਮੀਆਂ ਤੇ ਔਰਤਾਂ ਦੇ ਦਿਲਾਂ ਨੂੰ ਮਸੀਹ ਯਿਸੂ ਤੇ ਵਿਸ਼ਵਾਸ ਕਰਨ ਲਈ ਖੋਲਦਾ ਹੈ। ਇਹ ਇਸ ਲਈ ਹੈ ਕਿ ਕੋਈ ਵੀ ਆਪਣੇ ਉੱਪਰ ਘਮੰਡ ਨਾ ਕਰੇ।

**ਚੇਲਿਆਂ ਦੇ ਕਰੱਤਵ ੧੩:੪੮** "ਇਹ ਸੁਣਦੇ ਦੂਜੀਆਂ ਕੌਮਾਂ ਦੇ ਲੋਕ ਖੁਸ਼ ਹੋ ਗਏ, ਅਤੇ ਪ੍ਰਭੂ ਦੇ ਵਚਨ ਦੀ ਵਡਿਆਈ ਕਰਨ ਲਗੇ। ਉਹਨਾਂ ਵਿਚ ਜਿਹੜੇ ਅਨੰਤ ਜੀਵਣ ਲਈ ਨਿਯੁਕਤ ਕੀਤੇ ਗਏ ਸਨ, ਉਹਨਾਂ ਵਿਸ਼ਵਾਸ ਕੀਤਾ।"

**ਚੇਲਿਆਂ ਦੇ ਕਰੱਤਵ ੧੬:੧੪** "ਉਹਨਾਂ ਵਿਚ ਲੁਦਿਯਾ ਨਾਂ ਦੀ ਇਕ ਔਰਤ ਸੀ; ਜੋਜ ਥੁਆਤੀਰਾ ਨਗਰ ਦੀ ਰਹਿਨ ਵਾਲੀ ਅਤੇ ਵੈਂਗਣੀ ਰੰਗ ਦੇ ਕਪੜੇ ਵੇਚਣ ਵਾਲੀ ਸੀ। ਉਹ ਪਰਮੇਸ਼ਰ ਨੂੰ ਮੰਨਣ ਵਾਲੀ ਸੀ ਅਤੇ ਇਹ ਸਭ ਸੁਣ ਰਹੀ ਸੀ। ਪ੍ਰਭੂ ਨੇ ਉਸਦਾ ਮਨ ਖੋਲ੍ਹ ਦਿੱਤਾ ਕਿ ਉਹ ਪੌਲੁਸ ਦੇ ਵਚਨਾਂ ਤੇ ਧਿਆਨ ਲਾਵੇ।"

ਸਾਨੂੰ ਪਾਪਿਆਂ ਦੇ ਇਕ ਮਾਤਰ ਮੁਕਤੀਦਾਤਾ ਦੇ ਰੂਪ ਵਿਚ ਯਿਸੂ ਉੱਤੇ ਵਿਸ਼ਵਾਸ ਕਰਨ ਲਈ ਅਤੇ ਆਪਣੇ ਪਾਪਾਂ ਤੋਂ ਪਛਤਾਪ ਕਰਨ ਲਈ ਬੁਲਾਇਆ ਗਿਆ ਹੈ। ਵਿਸ਼ਵਾਸ ਅਤੇ ਪਛਤਾਪ ਦੋਨੋਂ ਦਾਨ ਹੈ ਜਿਹਨਾ ਨੂੰ ਯਿਸੂ ਨੇ ਸਾਡੇ ਲਈ ਸੁਰਛਿਤ ਰਖਿਆ ਹੈ। ਪਰ ਬਾਚਿਆਏ ਜਾਣ ਦੇ ਲਈ ਸਾਨੂੰ ਇਹਨਾ ਦਾ ਅਭਿਆਸ ਕਰਨ ਦੀ ਲੋਡ ਹੈ। ਜਦੋਂ ਅਸੀਂ ਆਪਣੇ ਆਪਨੂੰ ਯਿਸੂ ਉੱਤੇ ਵਿਸ਼ਵਾਸ ਕਰਨ ਵਾਲਾ ਬਤਾਉਂਦੇ ਹਨ ਤਦ

ਅਸੀਂ ਆਪਣਾ ਪੁਰਾਨਾ ਜੀਵਣ ਨਹੀਂ ਜੀ ਸਕਦੇ ਹਾਂ। ਉਹ ਆਦਮੀ ਜਿਹੜਾ ਹਰ ਵੇਲੇ ਪਾਪ ਕਰਦ ਰਹੰਦਾ ਹੈ ਅਤੇ ਕਹੰਦਾ ਹੈ ਕੀ ਉਹ ਵਿਸ਼ਵਾਸੀ ਹੈ ਉਹ ਉਸ ਮਨੁੱਖ ਦੇ ਵੱਰਗਾ ਹੈ ਜੇਹੜਾ ਇਕੋ ਹੀ ਸਮੇਂ ਵਿਚ ਆਪਣੀ ਯਾਤ੍ਰਾ ਕਰਨ ਦੇ ਲਈ ਹਵਾਹੀ ਜਹਾਜ ਵਿਚ ਉੜਨਾ ਚਹੁੰਦਾ ਹੈ ਅਤੇ ਉਹੀ ਵੇਲੇ ਉਹ ਜਿਥੇ ਹੈ ਉਤੇ ਹੀ ਰਹਨਾ ਚਾਹੁੰਦਾ ਹੈ। ਇਹ ਗੱਲ ਤੋ ਨਾਮੁੰਕਿਨ ਹੈ।ਇਸ ਤਰ੍ਹਾਂ ਬਹੁਤ ਲੋਕੀ ਜਿਹੜੇ ਯਿਸੂ ਦੇ ਪਿਛੋਂ ਚਲਨ ਵਾਲੇ ਬਤਾਉਂਦੇ ਹਾਂ ਅਤੇ ਹਮੇਸ਼ਾ ਪਾਪ ਕਰਦੇ ਰਹਣਦੇਂ ਹਾਂ ਉਹ ਲੋਕੀ ਮਸੀਹ ਨਹੀਂ ਹਨ।

# 13

# ਯਿਸੂ ਮੁਕਤੀਦਾਤਾ ਸਾਰੀ ਮਨੁੱਖਜਾਤੀ ਦਾ ਨਿਆ ਕਰੂਗਾ

ਦੁਨਿਆ ਦੇ ਦੂਜੇ ਕਈ ਧਰਮਾਂ ਨਿਆਂ ਦੇ ਬਾਰੇ ਸਿਖਾਉਂਦੇ ਹਾਂ ਪਰ ਇਕ ਭੀ ਵਿਅਕਤੀ ਨਿਆਂ ਕਰਨ ਦਾ ਦਾਵਾ ਨਹੀਂ ਕਰਦਾ ਹੈ। ਪ੍ਰਭੂ ਯਿਸੂ ਮਸੀਹ ਮਨੁੱਖਾਂ ਦੇ ਨਿਆਂ ਬਾਰੇ ਦੱਸਦੇ ਹਾਂ, ਕੀ ਹਰ ਮਨੁੱਖ ਦਾ ਨਿਆਂ ਉਹਨਾਂ ਦੇ ਦਿੱਤੇ ਮਸੀਹ ਯਿਸੂ ਦੇ ਬੱਚਨਾਂ ਦੇ ਜਬਾਬ ਦੇ ਅਧਾਰ ਉਤੇ ਹੋਉਗਾ। ਯਿਸੂ ਸਾਰੀ ਮਨੁੱਖਜਾਤੀ ਦਾ ਜੱਜ ਹੋਉਗਾ ਅਤੇ ਉਹ ਮਨੁੱਖਜਾਤੀ ਦਾ ਨਿਆਂ ਨਾ ਕੇਵਲ ਉਸਦੇ ਬੱਚਨਾਂ ਦੇ ਮਾਪਦੰਡ ਦੇ ਅਧਾਰ ਪਰ ਕਰੂਗਾ ਕਿ ਕੈਵੇਂ ਉਹਨਾਂ ਨੇ ਉਸਦੇ ਵੱਚਨਾਂ ਦਾ ਜਬਾਬ ਦਿੱਤਾ ਬਲਕਿ ਕੈਵੇਂ ਉਹਨਾਂ ਨੇ ਉਸਦੇ ਪਿੱਛੋਂ ਚਲਨ ਵਾਲੇ ਲੋਕੀਂ ਨੂੰ ਸਤਾਇਆ ਸੀ ਉਹਨਾ ਦਾ ਨਿਆ ਸਰੂਗਾ। ਇਨਾਂ ਆਯਤਾਂ ਨੂੰ ਧਿਆਨ ਨਾਲ ਦੇਖੋ:

**ਮੱਤੀ ੭:੨੧-੨੭** "ਹਰ ਕੋਈ ਉਹ ਆਦਮੀ, ਜੋ ਮੈਨੂੰ ਪ੍ਰਭੂ ਕਹਿੰਦਾ ਹੈ, ਸਵਰਗ ਦੇ ਰਾਜ ਵਿਚ ਨਹੀਂ ਦਾਖ਼ਲ ਹੋਵੇਗਾ, ਪਰ ਉਹ ਲੋਕੀਂ ਜਿਹੜੇ ਮੇਰੇ ਪਿਤਾ ਦੀ ਜਿਹੜਾ ਸਵਰਗ ਵਿਚ ਹੈ, ਇੱਛਾ ਪੂਰੀ ਕਰਦੇ ਹਨ, ਦਾਖ਼ਲ ਹੋਣਗੇ। 22 ਬਹੁਤ ਸਾਰੇ ਲੋਕੀਂ ਉਸ ਅੰਤਮ ਦਿਨ, ਮੈਨੂੰ ਕਹਿਣਗੇ, ਪ੍ਰਭੂ ਜੀ, ਪ੍ਰਭੂ ਜੀ, ਕੀ ਅਸੀਂ ਤੇਰੇ ਨਾਂ ਤੇ ਪਰਮੇਸ਼ਰ ਦਾ ਵਚਨ ਨਹੀਂ ਸੁਣਾਇਆ ਸੀ ਅਤੇ ਤੇਰੇ ਨਾਂ ਤੇ ਕਈ ਕਰਾਮਾਤਾਂ ਨਹੀਂ ਵਿਖਾਈਆਂ ਸਨ? 23 ਉਸ ਸਮੇਂ ਮੈਂ ਉਹਨਾਂ ਨੂੰ ਉੱਤਰ ਦੇਵਾਂਗਾ: 'ਮੈਂ ਤੁਹਾਨੂੰ ਕਦੇ ਨਹੀਂ ਜਾਣਿਆ, ਹੇ ਬੁਰੇ ਲੋਕੋ, ਮੇਰੇ ਕੋਲੋਂ ਦੂਰ ਹੋ ਜਾਓ।' 24 ਇਸ ਲਈ ਜੋ ਕੋਈ ਮੇਰੇ ਵਚਨਾਂ ਨੂੰ ਸੁਣਦਾ ਹੈ ਅਤੇ ਉਹਨਾਂ ਉਤੇ ਚਲਦਾ ਹੈ, ਉਹ

ਉਸ ਸਮਝਦਾਰ ਆਦਮੀ ਵਰਗਾ ਹੈ, ਜਿਸ ਨੇ ਆਪਣਾ ਘਰ ਚਟਾਨ ਤੇ ਬਣਾਇਆ। 25 ਜਦੋਂ ਵਰਖਾ ਆਈ, ਹੜ੍ਹ ਆਏ, ਹਨੇਰੀਆਂ ਵਗੀਆਂ ਅਤੇ ਉਸ ਘਰ ਨਾਲ ਟਕਰਾਈਆਂ; ਉਹ ਘਰ ਨਾ ਡਿਗਾ, ਕਿਉਂਕਿ ਉਸ ਘਰ ਦੀ ਨੀਹ ਚਟਾਨ ਉਤੇ ਰੱਖੀ ਹੋਈ ਸੀ। 26 ਪਰ ਜੋ ਕੋਈ ਮੇਰੇ ਵਚਨ ਨੂੰ ਸੁਣਦਾ ਹੈ, ਪਰ ਉਹਨਾਂ ਤੇ ਚਲਦਾ ਨਹੀਂ ਹੈ, ਉਹ ਉਸ ਮੂਰਖ ਆਦਮੀ ਵਰਗਾ ਹੈ, ਜਿਸ ਨੇ ਆਪਣਾ ਘਰ ਰੇਤ ਤੇ ਬਣਾਇਆ। 27 ਇਸ ਲਈ ਜਦੋਂ ਵਰਖਾ ਆਈ, ਹੜ੍ਹ ਆਏ, ਹਨੇਰੀਆਂ ਵਗੀਆਂ, ਅਤੇ ਉਹ ਘਰ ਨਾਲ ਟਕਰਾਈਆਂ, ਤਾਂ ਉਹ ਘਰ ਡਿਗ ਪਿਆ। ਉਸ ਦੀ ਢਹਾਈ ਕਿੰਨੀ ਭਿਅੰਕਰ ਸੀ।"

**ਮੱਤੀ ੨੫:੪੧-੪੫** "ਫਿਰ ਰਾਜਾ ਆਪਣੇ ਖੱਬੇ ਪਾਸੇ ਵਾਲਿਆਂ ਨੂੰ ਕਹੇਗਾ: ਤੁਸੀਂ ਜੋ ਪਰਮੇਸ਼ਰ ਦੇ ਸਰਾਪ ਹੇਠਾਂ ਹੋ, ਮੇਰੇ ਸਾਹਮਣਿਓ ਦੂਰ ਉਸ ਹਮੇਸ਼ਾ ਬਲਨ ਬਾਲੀ ਅੱਗ ਵਿਚ ਚਲੇ ਜਾਵੋ, ਜੋ ਸ਼ੈਤਾਨ ਅਤੇ ਉਸ ਦੇ ਦੂਤਾਂ ਲਈ ਤਿਆਰ ਕੀਤੀ ਗਈ ਹੈ। 42 ਕਿਉਂਕਿ ਮੈਂ ਭੁੱਖਾਂ ਸਾਂ, ਤੁਸੀਂ ਮੈਨੂੰ ਭੋਜਨ ਨਾ ਦਿੱਤਾ; ਮੈਂ ਤਿਹਾਇਆਂ ਸਾਂ, ਪਰ ਤੁਸੀਂ ਮੈਂਨੂੰ ਪਾਣੀ ਨਾ ਦਿੱਤਾ; 43 ਮੈਂ ਪਰਦੇਸੀ ਸਾਂ, ਪਰ ਤੁਸੀਂ ਮੇਰਾ ਸੁਆਗਤ ਆਪਣੇ ਘਰ ਵਿਚ ਨਾ ਕੀਤਾ। ਮੈਂ ਨੰਗਾ ਸਾਂ, ਪਰ ਤੁਸੀਂ ਮੈਨੂੰ ਕਪੜਾ ਨਾ ਦਿੱਤਾ; ਮੈਂ ਬੀਮਾਰ ਅਤੇ ਕੈਦ ਵਿਚ ਸਾਂ, ਪਰ ਤੁਸੀਂ ਮੇਰੀ ਖ਼ਬਰ ਨੂੰ ਨਾ ਆਏ। 44 ਉਸ ਸਮੇਂ ਉਹ ਉੱਤਰ ਦੇਣਗੇ ਪ੍ਰਭੂ ਜੀ, ਅਸੀਂ ਕਦੋਂ ਤੁਹਾਨੂੰ ਭੁੱਖਾ, ਜਾਂ ਤਿਹਾਇਆ, ਜ਼ਾਂ ਨੰਗਾ, ਜਾਂ ਬੀਮਾਰ, ਜਾਂ ਕੈਦ ਵਿਚ ਦੇਖਿਆ, ਅਤੇ ਤੁਹਾਡੀ ਮਦਦ ਨਾ ਕੀਤੀ। 45 ਰਾਜਾ ਉਹਨਾਂ ਨੂੰ ਉੱਤਰ ਦੇਵੇਗਾ, ਮੈਂ ਤੁਹਾਨੂੰ ਸੱਚ ਕਹਿੰਦਾ ਹਾਂ, ਜਦੋਂ ਵੀ ਤੁਸੀਂ ਇਹਨਾਂ ਵਿਚੋਂ ਕਿਸੇ ਘਟੀਆ ਤੋਂ ਘਟੀਆ ਦੇ ਨਾਲ ਇਹ ਨਾ ਕੀਤਾ, ਤਾਂ ਸਮਝੋ ਕਿ ਤੁਸੀਂ ਮੇਰੇ ਨਾਲ ਨਾ ਕੀਤਾ।"

ਪਰਮੇਸ਼ਰ ਪਿਤਾ ਨੇ ਉਸਦੇ ਪੁੱਤਰ ਯਿਸੂ ਮਸੀਹ ਨੂੰ ਮੌਤ ਤੋਂ ਜਿੰਦਾ ਕਰਨ ਦੁਆਰਾ ਇਸ ਸਾਰੀ ਦੁਨਿਆ ਦਾ ਜੱਜ ਠਹਿਰਾਇਆ ਹੈ। ਉਥੋਂ ਕਿਸੀ ਦੇ ਲਈ ਕੋਈ ਵੀ ਬਹਾਨਾ ਨਾ ਹੋਉਗਾ ਜਿਨਹਾਂ ਨੇ ਸੁਸਮਾਚਾਰ ਸੁਣਿਆ ਅਤੇ ਉਸ ਉਤੇ ਵਿਸ਼ਵਾਸ ਨਹੀਂ ਕੀਤਾ। ਮੁਕਤੀ ਬਿਲਕੁਲ ਮੁੱਫਤ ਹੈ ਜਦੋਂ ਕੀ ਪਰਮੇਸ਼ਰ ਨੇ ਇਸ ਦਾ ਮੂਲ ਆਪਣੇ ਪੁੱਤਰ ਦੁਆਰਾ ਚੁਕਾਇਆ ਹੈ। ਇਸ ਲਈ ਇਸ ਕੰਮ ਵਿਚ ਸਾਨੂੰ ਕੁਝ ਵੀ ਜੋੜਨ ਦੀ ਲੋਡ ਨਹੀਂ ਹੈ ਅਤੇ

ਅਸੀਂ ਨਾ ਹੀ ਇਸ ਨੂੰ ਕਮਾਂ ਸਕਦੇ ਹਾ ਪਰ ਵਿਸ਼ਵਾਸ ਦੁਆਰਾ ਇਸ ਨੂੰ ਸਵਿਕਾਰ ਕਰ ਸਕਦੇ ਹਾਂ ਕਿਉਂਕਿ ਇਹ ਪਰਮੇਸ਼ਰ ਦਾ ਮੁੱਫਤ ਦਾੱਨ ਹੈ।

ਇਕ ਆਦਮੀ ਨਿਆ ਦੀ ਕਲਪਨਾ ਦੇ ਇਸ ਦ੍ਰਸ਼ ਨੂੰ ਦਰਸ਼ਾਉਂਦਾ ਹੈ। ਜਿਸ ਨੂੰ "ਲੰਬੀ ਚੁਪੀ" ਕਹਨਦੇ ਹਾਂ।

"ਦੁਨਿਆ ਦਾ ਅੰਤ ਹੋਣ ਵਿਚ ਪਰਮੇਸ਼ਰ ਦੇ ਸਿਹਾਸਨ ਦੇ ਸਾਮਨੇ ਅਰਬੋਂ ਖਰਬੋਂ ਲੋਕੀਂ ਇਕ ਮੈਦਾਨ ਵਿਚ ਫੈਲੇ ਹੋਏ ਹਨ। ਬਹੁਤ ਲੋਕੀ ਇਕ ਚਮਕਦਾਰ ਰੋਸ਼ਨੀ ਤੋਂ ਪਿਛੇ ਸਿਕੁੜੇ ਪਏ ਹਨ ਪਰ ਆਗੇ ਖੜੇ ਕੁਛ ਲੋਕੀ ਬੜ੍ਹੀ ਨਫਰਤ ਨਾਲ, ਬਿਣਾ ਸ਼ਰਮ ਤੋਂ ਪਰ ਭਾਵਨਾਵਾਂ ਨਾਲ ਬੋਲੇ ਕੀ ਕੈਵੇਂ ਪਰਮੇਸ਼ਰ ਸਾਡਾ ਨਿਆ ਕਰ ਸਕਦਾ ਹੈ? ਉਸ ਨੂੰ ਕੈਵੇਂ ਪਤਾ ਕਿ ਮੁਸਿਬਤਾਂ ਤੇ ਪਰੇਸ਼ਾਨਿਆ ਦਾ ਕਿ ਮਤਲਬ ਹੋਣਦਾ ਹੈ। ਇਕ ਗੁਸਤਾਖ ਜਵਾਨ ਕੁੜੀ ਆਪਣੀ ਆਸਤੀਨ ਫਾੜਤੀ ਅਤੇ ਨਾਜ਼ੀ ਦੇ ਯਾਤਨਾ ਸ਼ਿਵਿਰ ਵਿਚ ਉਸਨੂੰ ਦਿਤੇ ਇਕ ਨੰਬਰ ਨੂੰ ਦਿਖਾਂਤੇ ਹੋਈ ਬੋਲੀ ਅਸੀਂ ਆਤੰਕ, ਮਾਰ, ਅਤਚਾਰ ਅਤੇ ਮੌਤ ਨੂੰ ਸਹਾ ਹੈ। ਇਕ ਔਰ ਦੂਜੇ ਸਮੂਹ ਤੋਂ ਇਕ ਨਿਗਰੋਂ ਮੁੰਡਾ ਆਪਣਾ ਕੋਲਰ ਨੂੰ ਹਟਾਣਦੇ ਅਤੇ ਉਸਦੇ ਗਲੇ ਵਿਚ ਪੜਾ ਰਸਸੇ ਦਾ ਨਿਸ਼ਾਨ ਦਿਖਾਉਣਦੇ ਹੋਏ ਬੋਲਿਆ "ਇਸ ਬਾਰੇ ਤੁਸੀਂ ਕੀ ਕਹੋਗੇ?" ਇਹ ਮੈਨੂੰ ਕੋਈ ਅਪਰਾਧ ਕਰਨ ਦੇ ਲਈ ਨਹੀਂ ਬਲਕੀ ਮੇਰੇ ਕਾਲੇ ਰੰਗ ਦੇ ਕਾਰਨ ਮੈਨੂੰ ਇਹ ਭੁਗਤਣਾ ਪਿਆ। ਇਕ ਹੋਰ ਦੂਜੇ ਪਾਸੇ ਤੋਂ ਇਕ ਅੰਖਾਂ ਸੁਜੀ ਹੋਈ ਗਰਭਵਤੀ (ਸਕੂਲ ਦੀ ਕੁੜੀ ਜਿਸਦਾ ਬਲਤਕਾਰ ਹੋਣ ਦੇ ਬਾਦ ਵਿਚ ਕਤਲ ਹੋਇਆ ਸੀ) ਨੇ ਕਿਹਾ, ਮੈਨੂੰ ਇਹ ਕਿਉਂ ਭੋਗਨਾ ਪਿਆ? ਇਸ ਵਿਚ ਮੇਰੀ ਤੋਂ ਕੋਈ ਗਲਤੀ ਨਹੀਂ ਸੀ। ਇਸ ਬੜੇ ਮੈਦਾਨ ਵਿਚ ਇਸ ਤਰਹ ਦੇ ਬਹੁਤੀ ਲੋਕੀਂ ਸੀ ਜਿਹੜੇ ਪਰਮੇਸ਼ਰ ਦੇ ਵਿਰੂਧ ਸੀ ਕਿਉਂਕਿ ਪਰਮੇਸ਼ਰ ਨੇ ਬੁਰਾਈ ਤੇ ਮੁਸਿਬਤਾਂ – ਪਰੇਸ਼ਾਨਿਆਂ ਨੂੰ ਇਸ ਦੁਨਿਆ ਵਿਚ ਆਉਣ ਦਿੱਤਾ ਸੀ। ਪਰਮੇਸ਼ਰ ਕਿਨ੍ਹਾਂ ਭਾਗਸ਼ਾਲੀ ਹੈ ਕਿ ਉਹ ਇਸ ਸਾਰੀ ਮੁਸਿਬਤਾਂ ਤੋਂ ਦੂਰ ਸਰਗ ਵਿਚ ਰਹਿਨਦਾਂ ਹੈ ਜਿਤੇ ਨਾ ਤੋ ਰੋਨਾ, ਨਾ ਹੀ ਕੋਈ ਡਰ, ਨਾ ਭੁਖ ਤੇ ਨਫ਼ਰਤ ਹੈ ਬਲਕਿ ਸਭ ਕੁਝ ਚੰਗਾ ਹੀ ਚੰਗਾ ਹੈ,। ਉਹ ਲੋਕੀਂ ਨੇ ਕਿਹਾ: ਪਰਮੇਸ਼ਰ

ਕਿ ਜਾਣਦਾ ਹੈ ਕਿ ਕੈਵੇਂ ਅਸੀਂ ਮਨੁੱਖਜਾਤੀ ਨੂੰ ਇਸ ਦੁਨਿਆਂ ਵਿਚ ਇਹ ਸਭ ਮੁਸਿਬਤਾਂ ਨੂੰ ਸਹਨ ਕਰ ਲਈ ਮਜਬੂਰ ਕੀਤਾ ਗਿਆ ਹੈ? ਜਦੋਂ ਕਿ ਪਰਮੇਸ਼ਰ  ਚੰਗੀ ਥਾਂ ਵਿਚ ਰਹਿੰਦਾ ਹੈ।

ਇਸ ਲਈ ਇਹਨਾ ਸਮੂਹਾਂ ਨੇ ਆਪਣੇ ਚੁਨੇ ਹੋਏ ਨੇਤਾਵਾਂ ਨੂੰ ਅਗੇ ਖੱਲਿਆ ਕਿਉਂਕਿ ਇਹ ਲੋਕਾਂ ਨੇ ਸਬਤੋਂ ਜਾਦਾ ਦੁਖ ਤੇ ਮੁਸਿਬਤਾਂ ਸਿਹਾ ਸੀ ਇਹਨਾ ਵਿਚ ਇਕ ਯਹੂਦੀ ਸੀ, ਇਕ ਨੀਗਰੋ ਸੀ, ਇਕ ਵਿਆਕਤੀ ਹਿਰੋਸਿਮਾ ਤੋਂ ਸੀ, ਇਕ ਬੁਰੀ ਤਰਹ ਤੋ ਬੜ੍ਹਾ ਹੋਇਆ ਗਠਿਆ ਦੇ ਪਰੇਸ਼ਾਨ ਵਿਅਕਤੀ ਸੀ, ਇਕ ਅਪੰਗ ਬੱਚਾ ਸੀ, ਇਹਨਾਂ ਲੋਕੀ ਨੇ ਆਪਸ ਵਿਚ ਸਲਾਹ ਕਿਤੀ ਅਤੇ ਇਹ ਸਾਰੇ ਲੋਕੀ ਪਰਮੇਸ਼ਰ ਦੇ ਸਾਮਣੇ ਆਪਣੇ ਆਪਣੇ ਮਾਮਲੇ ਪੇਸ਼ ਕਰਨ ਦੇ ਲਈ ਤੈਆਰ ਸੀ। ਇਹ ਸਭ ਇਕ ਚਲਾਕੀ ਭਰਾ ਸੀ। ਇਸ ਤੋਂ ਪਹਿਲਾਂ ਪਰਮੇਸ਼ਰ ਉਹ ਲੋਕੀ ਦਾ ਜੱਜ ਬਣੇ ਉਸਨੂੰ ਉਹ ਸਭ ਭੁਗਤਨਾ ਚਾਹਿਦਾ ਜੇਹੜਾ ਕੁਝ ਉਹ ਲੋਕਾਂ ਨੇ ਭੁਗਤਾ ਸੀ। ਉਹਨਾਂ ਦਾ ਕਹਣਾਂ ਸੀ ਕੀ ਪਰਮੇਸ਼ਰ ਨੂੰ ਇਕ ਆਦਮੀ ਦਾ ਰੂਪ ਲੇ ਧਰਤੀ ਉਤੇ ਰਹਨਾ ਚਾਹਿਏ। ਉਸ ਨੂੰ ਯਹੂਦੀ ਜਾਤੀ ਵਿਚ ਪੈਦਾ ਹੋਣਾ ਚਾਹਿਏ। ਉਸਦੇ ਜਨਮ ਪਰ ਸ਼ਕ ਅਤੇ ਵਾਦ ਵਿਵਾਦ ਹੋਨਾ ਚਾਹਿਏ। ਉਸ ਨੂੰ ਇਨ੍ਹਾਂ ਔਖਾ ਕੰਮ ਦਿੱਤਾ ਜਾਏ ਅਤੇ ਜਦੋਂ ਉਹ ਉਸ ਨੂੰ ਕਰਨ ਦੀ ਕੋਸ਼ਿਸ ਕਰੇ ਤਾਂ ਉਸਦੇ ਟੱਬਰ ਦੇ ਲੋਕੀ ਵਿ ਉਸਨੂੰ ਪਾਗਲ ਸਮਝੇਂ। ਉਸ ਨੂੰ ਉਸਦੇ ਸਗੇ ਮਿੱਤਰਾਂ ਵੱਲੋ ਧੋਖਾ ਮਿਲੇ। ਇਕ ਪੂਰਵਧਾਰਣਾ ਵਾਲੀ ਕਮੇਟੀ ਦੁਆਰਾ ਉਸ ਉਤੇ ਝੂਠੇ ਅਰੋਪਾਂ ਦੀ ਕੋਸ਼ਿਸ ਅਤੇ ਇਕ ਕਾਯਰ ਜੱਜ ਵੱਲੋ ਉਸ ਨੂੰ ਦੋਸ਼ੀ ਠਹਰਾਇਆ ਜਾਏ। ਉਸੇ ਯਾਤਨਾ ਸਹਣੇ  ਦੋ ਅਤੇ ਅੰਤ ਵਿਚ ਉਸ ਨੂੰ ਅਕੇਲੇ ਹੋਣ ਦਾ ਔਖਾ ਮਤਲਬ ਵਿ ਜਾਣਨ ਦੋ ਤਦ ਸਭ ਤੋਂ ਬਾਦ ਉਸ ਨੂੰ ਮਰ ਜਾਣ ਦੋ। ਉਸ ਨੂੰ ਮਰ ਜਾਣ ਦੋ ਕਿ ਉਸ ਦੀ ਮੌਤ ਉਤੇ ਕੋਈ ਸ਼ਕ ਨਾ ਹੋ ਕਿ ਉਹ ਨਹੀਂ ਮਰੀਆ।

ਹਰੇਕ ਨੇਤਾਵਾਂ ਨੇ ਜੈਸੇ ਹੀ ਆਪਣੇ ਸਹਿਮਤ ਮਾਮਲੇ ਦੀ ਘੋਸ਼ਨਾ ਕੀਤੀ ਵੈਸੇ ਹੀ ਉਥੋਂ ਇੱਕਠੀ ਹੋਈ ਭੀੜ ਦੀ ਇਕ ਜੋਰਦਾਰ ਸਹਿਮਤ ਭਰੀ ਅਵਾਜ਼ ਉਸ ਮੈਦਾਨ ਵਿਚ ਗੂੰਜ ਉੱਠੀ। ਜੱਦ ਉਹ ਅਵਾਜ਼ ਸ਼ਾਂਤ ਹੋਈ ਤਦ ਲੋਕਾਂ ਵਿੱਚ ਲੰਬੀ ਚੁਪਪੀ ਸਧ ਗਈ। ਕੋਈ ਇਕ ਸ਼ਬਦ ਵੀ ਨਹੀਂ ਬੋਲਿਆ। ਕੋਈ ਭੀ_ਆਪਣੀ ਜਗਹ ਤੋਂ ਨਹੀਂ ਹਿਲਿਆ ਕਿਉਂਕਿ

ਅਚਾਨਕ ਸਭ ਲੋਕੀ ਜਾਣ ਗਏ ਸੀ ਕਿ ਪਰਮੇਸ਼ਰ ਨੇ ਪਹਿਲੇ ਹੀ ਉਹਨਾਂ ਦੀ ਮਾਗਾਂ ਉਸ ਦੇ ਪੁਤੱਰ ਨੂੰ ਇਸ ਦੁਨਿਆ ਵਿਚ ਘੱਲ ਦੇ ਪੂਰੀ ਕਰ ਦਿੱਤੀ ਸੀ।8

ਪਿਆਰੇ ਮਿੱਤਰੋ, ਇਹ ਕਿਤਾਬ ਦੇ ਜਰਿਏ ਇਹ ਕੋਸ਼ਿਸ ਕਿਤੀ ਗਈ ਹੈ ਕਿ ਇਹ ਕਿਤਾਬ ਤੁਹਾਡੇ ਲਈ "ਯਿਸੂ ਮਸੀਹ ਹੀ ਸਭ ਮਨੁੱਖਜਾਤੀ ਦਾ ਮੁਕਤੀਦਾਤਾ ਹੈ" ਨੂੰ ਸਮਝਨੇ ਦੀ ਇੱਕ ਰੂਪ ਰੇਖਾ ਹੋ। ਮੇਰੇ ਦਿਮਾਗ ਵਿਚ ਬਹੁਤ ਸਾਰੇ ਵਿਚਾਰ ਇਕ ਬਾੜ ਦੇ ਸਮਾਣ ਆਉਣ ਕਰਕੇ ਮੇਰੇ ਲਈ ਮਸੀਹ ਦੇ ਕਿਤੇ ਸਾਰੇ ਮਹਾਨ ਕਾਮਾਂ ਨੂੰ ਇਸ ਨਿਕਕੀ ਸੀ ਕਿਤਾਬ ਵਿਚ ਲਿਖਨਾ ਬੜਾ ਔਖਾ ਹੈ। ਔਰ ਨਾ ਹੀ ਮੈਂ ਉਸ ਦੇ ਨਾਲ ਕਿਸੀ ਦੀ ਤੁਲਨਾ ਕਰ ਸਕਦਾ ਹਾਂ। ਜਿਵੇਂ ਮੈਂ ਇਹ ਕਿਤਾਬ ਨੂੰ ਲਿਖਿਆਂ ਤਦ ਯਹੂਨਾਂ ਦੇ ਬੱਚਨਾਂ ਨੂੰ ਇਕ ਨਵਾਂ ਮਤਲਮਮਿਲਿਆ। "ਔਰ ਵੀ ਚਿੱਜ਼ਾਂ ਹੈ ਜਿਹੜੀ ਯਿਸੂ ਨੇ ਕੀਤੀ ਅਤੇ ਜੇਕਰ ਉਹ ਸਾਰੀ ਗੱਲਾਂ ਲਿਖਿਆਂ ਜਾਣਦੀ ਤਾਂ ਮੇਰੇ ਵਿਚਾਰ ਤੋ ਉਹ ਕਿਤਾਬਾਂ ਇਹਨੀਂ ਹੋਣਦੀ ਕੀ ਇਹ ਦੁਨਿਆ ਵਿਚ ਨਹੀਂ ਸਮਾਤੀ" (ਯੂਹਨਾਂ 21:25)।

# ਸਿੱਟਾ:

ਯਿਸੂ ਮਸੀਹ ਇਸ ਦੁਨਿਆ ਵਿਚ ਪਾਪਿਆਂ ਨੂੰ ਬੱਚਾਉਨ ਲਈ ਆਇਆ ਸੀ। ਅਸੀ ਸਾਰੇ ਪਾਪੀ ਹਾਂ ਅਤੇ ਸਾਨੂੰ ਉਸਦੀ ਲੋੜ ਹੈ। ਉਹ ਨੇ ਆਪਣੇ ਦੁਖਾਂ ਵਿੱਚ ਪਰਮੇਸ਼ਰ ਦੇ ਨਿਆ ਅਤੇ ਪੂਰੀ ਤਰਹ ਤੋ ਪਰਮੇਸ਼ਰ ਦੇ ਕਾਨੂਨ ਨੂੰ ਪਾਪਿਆਂ ਲਈ ਜਿਹੜੇ ਉਸ ਉਤੇ ਵਿਸ਼ਵਾਸ ਕਰਦੇ ਹਨ ਮਾਨਣ ਦੇ ਦੁਆਰਾ ਦੋਨਾਂ ਨੂੰ ਸੰਤੁਸ਼ਟ ਕੀਤਾ। ਜਿਹੜੇ ਅਸੀ ਹਰ ਦਿੱਨ ਇਸ ਦੁਨਿਆ ਵਿਚ ਪਾਪ, ਬੁਰੀ ਸੋਚ ਅਤੇ ਬੁਰੇ ਕੰਮ ਕਰਦੇ ਹਾਂ ਇਹ ਉਹਨਾਂ ਦੇ ਲਈ ਇਕ ਖੁਸ਼ਖਬਰ ਹੈ । ਉਹ ਨੇ ਸਾਡੇ ਨਾਲ ਸਾਨੂੰ ਨਵੀ ਸ੍ਰਸ਼ਟੀ ਬਨਾਉਣ ਦੀ ਅਤੇ ਸਾਨੂੰ ਸੁਧ ਕਰਨ ਦਾ ਵਾਦਾ ਕੀਤਾ ਕਿ ਇਕ ਦਿੱਨ ਅਸੀ ਨਵੇ ਸਰਗ ਤੇ ਨਵੀ ਧਰਤੀ ਵਿਚ ਰਹਨ ਦੇ ਲਈ ਯੋਗ ਹੋ ਸਕਾਂ। ਇਸ ਅਦਭੁਤ ਸੁਸਮਾਚਾਰ ਦੇ ਦੋ ਪ੍ਰਤਿਉੱਤਰ ਹੈ: ਪਹਿਲਾ ਉਸ ਉਤੇ ਮੁਕਤੀ ਦੇ ਲਈ ਵਿਸ਼ਵਾਸ ਕਰਨਾ ਅਤੇ ਦੂਜਾ ਉਸਦੀ ਅਰਾਧਨਾ ਤੇ ਉਸ ਨੂੰ ਡੂੰਘਾ ਪਿਆਰ ਕਰਨਾ।

ਕੋਈ ਥੋੜੇ ਦਿੱਨਾਂ ਦੀ ਗੱਲ ਹੈ ਜਦੋਂ ਭਾਰਤ ਵਿਚ ਰਹਣ ਬਾਲੀ ਇਕ ਮਸੀਹੀ ਔਰਤ ਜਿਹੜੀ ਮੌਤ ਦੀ ਮੰਜੀ ਉਤੇ ਪੜੀ ਹੋਈ ਸੀ, ਇਕ ਸਵਾਲ ਪੁਛਿਆ ਗਿਆ, ਕਿ ਉਸੀਂ ਕੈਵਾਂ ਮਹਸੂਸ ਕਰ ਰਹੀ ਹੋ? ਉਸਨੇ ਦੱਸਿਆ ਖ਼ੁਸ਼ ਬਹੁਤ ਖ਼ੁਸ਼! ਇਸ ਤੋਂ ਮਗਰੋਂ ਉਸਨੇ ਆਪਣੇ ਸਿਰ ਦੇ ਨਿਚੇ ਤੋਂ ਇਕ ਬੰਗਾਲੀ ਬਾਇਬਲ ਨਿਕਾਲਦੇ ਹੋਈ ਕਿਹਾ, 'ਇਸ ਵਿਚ ਮੇਰੇ ਕੋਲ ਮਸੀਹ ਹੈ' ਤਦ ਆਪਣੇ ਸੀਨੇ ਤੋ ਇਸ਼ਾਰਾ ਲਗਾਉਂਦੇ ਹੋਈ ਕਿਹਾ ਮੇਰੇ

ਦਿੱਲ ਵਿਚ ਮਸੀਹ ਹੈ ਅਤੇ ਆਪਣੀ ਉਂਗਲ ਆਸਮਾਨ ਉਤੇ ਬਤਾਉਂਦੇ ਹੋਈ ਕਿਹਾ ਉਤੇ ਵੀ ਮਸੀਹ ਹੈ,' ਤੀਨ ਬਾਰੀ ਉਸਦੀ ਆਤਮਾ ਧਨ ਹੈ। ਉਹ ਜੋ ਕੁਝ ਵੀ ਇਸ ਦੁਨਿਆ ਵਿਚ ਸੀ, ਪਰ ਮਸੀਹ ਉਸ ਦੇ ਨਾਲ ਸੀ। ਮਸੀਹ ਉਸ ਵਿਚ ਆਸ਼ਾ ਦੀ ਮਹੀਮਾ ਦੇ ਰੂਪ ਵਿਚ ਸੀ। 'ਯਿਸੂ ਦੇ ਵਰਗਾ ਕੋਈ ਵੀ ਨਹੀਂ'।" 9

## Footnotes

1.Quoted in John Stott, The Incomparable Christ (Downers Grove, IL.:Inter Varsity Press, 2001),16

2 Harold Netland, Encountering Religious Pluralism (Downers Grove, IL: Inter Varsity Press, 2001),346

3 Robert Letham, The Work of Christ (Downers Grove, IL: InterVarsity Press, 1993), 93

4 Philip Edgcumbe Hughes, Interpreting Prophecy (Hughes, Philip Edgcumbe, 1976), 72-73.

5 Stott, The Incomparable Christ, 144.

6 John Stott, The Incomparable Christ, 141

7 John Stott, The Incomparable Christ, 159, 162

8 Steven Travis, The Jesus Hope (Downers Grove, IL: InterVarsity Press, 19740, 60-61

9 William S. Plumer, The Grace of Christ or Sinners Saved by Unmerited Kindness (Keyser, West Virginia: Odom Publications, 1853), 241-242.

**Dr. Kuldip Singh Gangar** received his undergraduate education in England and taught Religious Studies at Beauchamp College. He received advanced degrees in ministry from Westminster Theological Seminary (M. Div.; Th. M; D. Min.) and Master of Theology in New Testament from Princeton Seminary. He served as pastor in Canada and the US for 21 years before being called as Missionary to produce Biblical literature for EastIndians in various Indian languages.

True Path to God

**In this series from True Path to God:**

1. What is God?
2. What is God Like?
3. Creation and Man's Place in the World
4. The Greatest Opportunity: The Covenant of Works
5. The Great Catastrophe: The Fall
6. Jesus the Only Savior of Mankind
7. Jesus is God
8. Saved by Grace Alone

ISBN 978-1-927769-02-7
9 781927 769027

www.truepathtogod.org